RNI Registration No: PUNPUN/2015/61118

SO KAHIYAT HAI SOORA (MONTHLY)
Volume 8 Issue 12
December 2022, S.A.S. Nagar (Mohali)

ਦਸੰਬਰ 2022
ਮੱਘਰ-ਪੋਹ
੫੫੪ ਨਾਨਕਸ਼ਾਹੀ
₹20

# ਸੋ ਕਹੀਅਤ ਹੈ ਸੂਰਾ



## ਗੁਰਮਤਿ ਤੀਰਥ

ਹੁਣ ਤੁਸੀਂ 'ਸੋ ਕਹੀਅਤ ਹੈ ਸੂਰਾ' ਲਈ ਚੰਦਾ ਅਤੇ ਮਾਇਕ ਸਹਾਇਤਾ ਬੈਂਕ ਜ਼ਰੀਏ ਵੀ ਭੇਜ ਸਕਦੇ ਹੋ।

ਬੈਂਕ ਅਕਾਊਂਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| | |
|---|---|
| Name of Account: | SO KAHIYAT HAI SOORA |
| Name of Bank: | Bank of Baroda |
| Branch: | Sector 59, Mohali. (Punjab) |
| Account No: | 36770200000150 |
| Swift Code: | BARBINBBCHD |
| IFSC Code: | BARB0SECMOH |

## ਚੰਦੇ ਪ੍ਰਤੀ ਬੇਨਤੀ

'ਸੋ ਕਹੀਅਤ ਹੈ ਸੂਰਾ' ਦੇ ਪਾਠਕ ਜਨਾਂ ਅਤੇ ਸਮੁੱਚੀਆਂ ਸੰਗਤਾਂ/ ਸਹਿਯੋਗੀਆਂ ਦੇ ਅਸੀਂ ਧੰਨਵਾਦੀ ਹਾਂ, ਜਿਨ੍ਹਾਂ ਦੇ ਸਹਿਯੋਗ ਨਾਲ ਤੁਹਾਡਾ ਆਪਣਾ ਗੁਰਮਤਿ ਮਾਸਿਕ ਪੱਤਰ ਸਫ਼ਲਤਾ ਦੇ ਨਾਲ ਚੱਲ ਰਿਹਾ ਹੈ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਦੇ ਸਾਲਾਨਾ ਚੰਦੇ ਖ਼ਤਮ ਹੋ ਗਏ ਹਨ, ਕਿਰਪਾ ਕਰਕੇ ਸਾਲਾਨਾ ਸਮਾਗਮਾਂ ਮੌਕੇ ਜਾਂ ਆਪਣੇ ਨੇੜਲੇ ਸਾਡੇ ਪ੍ਰਤੀਨਿਧ/ ਸਾਡੇ ਮੁੱਖ ਦਫ਼ਤਰ ਵਿਚ/ ਬੈਂਕ ਖ਼ਾਤੇ ਵਿਚ ਚੰਦਿਆਂ ਦੀ ਮਾਇਆ ਭੇਜਣ ਦੀ ਕਿਰਪਾਲਤਾ ਕਰਨੀ। ਇਸ ਦੇ ਨਾਲ ਹੀ ਬੈਂਕ ਅਕਾਊਂਟ 'ਚ ਜੇਕਰ ਆਪ ਚੰਦਿਆਂ ਦੀ ਮਾਇਆ ਭੇਜਦੇ ਹੋ ਤਾਂ ਇਸ ਤੋਂ ਬਾਅਦ ਫ਼ੋਨ ਨੰਬਰ : 93577-23874 'ਤੇ ਫ਼ੋਨ ਕਰਕੇ ਸੂਚਿਤ ਕਰਨ ਦੀ ਵੀ ਕ੍ਰਿਪਾਲਤਾ ਕਰਨੀ ਜੀ।

'ਸੋ ਕਹੀਅਤ ਹੈ ਸੂਰਾ' ਨਾਲ ਸਬੰਧਤ ਕਿਸੇ ਵੀ ਸ਼ਿਕਾਇਤ ਜਾਂ ਸੁਝਾਅ ਨੂੰ ਤੁਸੀਂ ਸਾਡੇ ਵਟਸਐਪ ਨੰਬਰ : +91-93577-23874 'ਤੇ ਭੇਜ ਸਕਦੇ ਹੋ।

**See Online Edition :**

**www.akjmagazine.com**

**www.facebook.com/skhsoora**

ਹੁਣ 'ਸੋ ਕਹੀਅਤ ਹੈ ਸੂਰਾ' ਤੁਸੀਂ ਅਖੰਡ ਕੀਰਤਨੀ ਜਥੇ ਦੀ ਅਧਿਕਾਰਤ ਵੈੱਬਸਾਈਟ www.akj.org 'ਤੇ ਵੀ ਪੜ੍ਹ ਸਕਦੇ ਹੋ।




ਡਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ ॥
ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥੧੦ ॥ ( ॥੨੩ ॥)
(ਫੁਨਹੇ ਮ: ੫, ਪੰਨਾ: ੧੩੬੨)

ਏਹ ਉਪਰਲੇ ਗੁਰਵਾਕ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਅੰਮ੍ਰਿਤ ਸਰੋਵਰ ਸੰਬੰਧੀ ਹਨ। ਪਰ ਹੋਰ ਦਸਾਂ ਪਾਤਸ਼ਾਹੀਆਂ ਦੇ ਨਾਮ ਨਾਲ ਸੰਬੰਧਤ ਜਿਤਨੇ ਗੁਰਦੁਆਰੇ ਤੇ ਉਨ੍ਹਾਂ ਦੇ ਨਾਲ ਲਗਦੇ ਸਰੋਵਰ ਗੁਰ-ਅਸਥਾਨ ਤੇ ਬਾਉਲੀਆਂ ਆਦਿ ਜਲ-ਤੀਰਥ ਹਨ ਤੇ ਜਿਤਨੇ ਸਰੋਵਰ ਤੋਂ ਬਿਨਾਂ ਗੁਰ-ਅਸਥਾਨ ਥਲ-ਤੀਰਥ ਹਨ, ਏਹ ਸਭ ਗੁਰੂ ਕੀ ਨਦਰ ਮਿਹਰ ਨਾਲ ਤੇ ਨਾਮ ਦੀ ਦਾਤਿ ਨਾਲ ਵਰੋਸਾਏ ਹੋਣ ਕਰਕੇ ਕਲਿਆਣਕਾਰੀ ਹਨ, ਏਨ੍ਹਾਂ ਦਾ ਦਰਸ਼ਨ ਸਭ ਸਫਲ ਹੈ। ਇਸ ਪ੍ਰਥਾਇ ਗੁਰਵਾਕ ਹੈ-

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀਂ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥
ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥
ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥ ( ॥੪ ॥੧੨ ॥੧੯ ॥)
(ਆਸਾ ਮ: ੪, ਪੰਨਾ: ੪੫੦)

**SO KAHIYAT HAI SOORA**
(Monthly)

**RNI NO: PUNPUN/2015/61118**

Volume 8 Issue 12

ਸਰਪ੍ਰਸਤ

**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਦੀ ਗੁਰਮਤਿ ਵਿਚਾਰਧਾਰਾ।**

ਕਾਰਜਕਾਰੀ ਸੰਪਾਦਕ

**ਭਾਈ ਮਨਵੀਰ ਸਿੰਘ**

ਕਾਨੂੰਨੀ ਸਲਾਹਕਾਰ

**ਐਡਵੋਕੇਟ ਭਾਈ ਅਮਰਜੀਤ ਸਿੰਘ ਅੰਮ੍ਰਿਤਸਰ**

ਸਲਾਹਕਾਰ ਬੋਰਡ

**ਭਾਈ ਹਰਦਿਆਲ ਸਿੰਘ ਗੁਰਦਾਸਪੁਰ,**
**ਭਾਈ ਭੁਪਿੰਦਰ ਸਿੰਘ ਅੰਮ੍ਰਿਤਸਰ,**
**ਭਾਈ ਹਰਮੋਹਿੰਦਰਪਾਲ ਸਿੰਘ ਮੋਹਾਲੀ,**
**ਭਾਈ ਇੰਦਰਜੀਤ ਸਿੰਘ ਵੈਨਕੂਵਰ।**

## ਸੰਪਾਦਕੀ

# ਸਿੱਖਾਂ ਦਾ ਰਾਜਸੀ ਨਿਸ਼ਾਨਾ

ਜ਼ਮੀਰ ਦੀ ਆਜ਼ਾਦੀ ਅਤੇ ਮਰਜ਼ੀ ਅਨੁਸਾਰ ਧਰਮ ਨਿਭਾਉਣ ਦੇ ਮਨੁੱਖ ਦੇ ਨਿੱਜੀ ਅਧਿਕਾਰ ਦੀ ਰੱਖਿਆ ਲਈ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਦੇ ਦਿਲਾਂ ਵਿਚ ਜੋਸ਼ ਤੇ ਗੁੱਸੇ ਦੀ ਅੱਗ ਬਲ ਉੱਠੀ। ਉਹ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਦੀਆਂ ਜਿੱਤਾਂ ਨੂੰ ਯਾਦ ਕਰਦੇ ਹੋਏ, ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਝੰਡੇ ਹੇਠ ਇਕੱਠੇ ਹੋਣ ਲੱਗੇ। ਦਸਮੇਸ਼ ਜੀ ਨੇ ਨਿਰਣਾ ਕਰ ਲਿਆ ਕਿ ਹੁਣ ਸ਼ਮਸ਼ੀਰ ਉਠਾਏ ਬਿਨਾਂ ਨਿਭਾਉ ਔਖਾ ਹੈ। ਗੁਰੂ ਮਹਾਰਾਜ ਨੇ ਧੱਕੇਸ਼ਾਹੀ ਦੇ ਜ਼ੁਲਮੀ ਰਾਜ ਨਾਲ ਟੱਕਰ ਲੈਣ ਵਾਸਤੇ ਖੁੱਲ੍ਹੇ ਪੈਮਾਨੇ 'ਤੇ ਫ਼ੌਜੀ ਤਿਆਰੀਆਂ ਆਰੰਭ ਦਿੱਤੀਆਂ। ਅਖ਼ੀਰ ਸਿੱਖ ਇਕ ਤਕੜੀ ਫ਼ੌਜੀ ਤਾਕਤ ਬਣ ਗਏ। ਹੁਣ ਮਹਾਰਾਜ ਨੇ ਉਨ੍ਹਾਂ ਦੀ ਪ੍ਰੀਖਿਆ ਕਰਨੀ ਚਾਹੀ। ਸੰਨ ੧੬੯੯ ਦੀ ਵਿਸਾਖੀ ਵਾਲੇ ਦਿਨ ਅਨੰਦਪੁਰ ਦੀ ਉੱਚੀ ਪਹਾੜੀ 'ਤੇ ਖੜ੍ਹੇ ਹੋ ਕੇ ਅੱਸੀ ਹਜ਼ਾਰ ਦੇ ਭਰੇ ਇਕੱਠ 'ਚੋਂ ਹੱਥ ਵਿਚ ਚਮਕਦੀ ਸ਼ਮਸ਼ੀਰ ਲੈ ਕੇ ਹਜ਼ੂਰ ਨੇ ਪੰਜ ਸਿਰ ਮੰਗੇ। ਸਿੱਖੀ ਇਮਤਿਹਾਨ ਵਿਚ ਪਾਸ ਹੋਈ, ਪੰਜਾਂ ਸਿੱਖਾਂ ਨੇ ਸੀਸ ਭੇਟਾ ਕੀਤੇ। ਇਸ ਤਰ੍ਹਾਂ ਗੁਰੂ ਨਾਨਕ ਦੇ ਚਲਾਏ ਹੋਏ ਪੰਥ ਨੂੰ ਦਸਵੇਂ ਗੁਰੂ ਨੇ ਪੂਰਨਤਾ ਬਖ਼ਸ਼ੀ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਉਨ੍ਹਾਂ ਤੋਂ ਆਪ ਛਕਿਆ। ਹਜ਼ਾਰਾਂ ਸਿੱਖ ਅੰਮ੍ਰਿਤ ਛਕ ਕੇ ਸਿੰਘ ਬਣ ਗਏ।

ਕੇਸਗੜ੍ਹ ਦੀ ਉੱਚੀ ਪਹਾੜੀ 'ਤੇ ਖਲੋ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, "ਮੇਰਾ ਰੂਪ, ਬਹਾਦਰ ਸਿੰਘੋ ! ਹੁਣ ਅਸੀਂ 'ਵਾਹਿਗੁਰੂ ਜੀ ਕਾ ਖ਼ਾਲਸਾ' ਬਣੇ ਹਾਂ, ਤਾਂ 'ਵਾਹਿਗੁਰੂ ਜੀ ਕੀ ਫ਼ਤਹਿ' ਵੀ ਹੋਵੇਗੀ। ਇਹ ਅਕਾਲੀ ਪੰਥ ਸਾਜਣ ਵਾਸਤੇ ਹੀ ਅਕਾਲ ਪੁਰਖ ਨੇ ਮੈਨੂੰ ਭੇਜਿਆ ਸੀ। ਖ਼ਾਲਸਾ ਜੀ ! ਤੁਸੀਂ ਅੱਜ ਤੋਂ ਅਕਾਲ ਪੁਰਖ ਦੇ ਪੁੱਤਰ, ਵਾਹਿਗੁਰੂ ਦਾ ਰੂਪ, ਚੁਰਾਸੀ ਤੋਂ ਉੱਚੇ, ਜੰਮਣ ਮਰਨ ਤੋਂ ਰਹਿਤ ਅਤੇ ਸਾਰੀ ਧਰਤੀ ਦੇ ਬਾਦਸ਼ਾਹ ਹੋ। ਤੁਹਾਡਾ ਜਨਮ ਖੰਡੇ ਦੀ ਧਾਰ ਵਿਚੋਂ ਹੋਇਆ ਹੈ, ਸੋ ਸ਼ਸਤਰ ਤੁਹਾਡੀ ਖੇਡ ਹੈ, ਲੜਨਾ ਤੁਹਾਡਾ ਕਰਮ ਹੈ ਅਤੇ ਧਰਮ ਦਾ ਰਾਜ ਕਰਨਾ ਤੁਹਾਡਾ ਹੱਕ ਹੈ।"

"ਸਿੰਘਨ ਪੰਥ ਜੁੱਧ ਕੋ ਭਇਓ। ਸਿੰਘਨ ਜਨਮ ਸੰਗ ਸ਼ਸਤ੍ਰਨ ਲਇਓ।੭।...
ਪੰਥ ਰਚਯੋ ਇਮ ਸਤਿਗੁਰ ਪੂਰੇ। ਜੁੱਧੈ ਖਾਤਰ ਕਰਨ ਜਹੂਰੇ।
ਬਿਨ ਜੁੱਧੈ ਕਬ ਪਯਤ ਪਾਤਿਸ਼ਾਹੀ। ਆਦ ਜੁੱਧੈ ਬਿਧ ਗੁਰੂ ਉਠਾਈ।੯।"
('ਪ੍ਰਾਚੀਨ ਪੰਥ ਪ੍ਰਕਾਸ਼', ਭਾਈ ਰਤਨ ਸਿੰਘ ਭੰਗੂ)

ਗੁਰੂ ਸਾਹਿਬ ਨੇ ਕਿਹਾ ਇਨਸਾਨ ਇਨਸਾਨ ਬਰਾਬਰ ਹੈ, ਜਾਤ-ਪਾਤ ਭਰਮ ਹੈ। ਤੁਸੀਂ ਸਭ 'ਭਾਈ ਭਾਈ' ਹੋ। ਗੁਰਮਤਾ ਤੁਹਾਡੇ ਵਾਸਤੇ ਅਕਾਲੀ ਹੁਕਮ ਹੈ। ਤੁਸੀਂ ਵਾਹਿਗੁਰੂ ਦੇ ਚੁਣੇ ਹੋਏ ਸੰਤ-ਸਿਪਾਹੀ ਹੋ ਤੇ ਆਉਣ ਵਾਲੇ ਸਮੇਂ ਲਈ ਤੁਸੀਂ ਦੇਸ ਦੇ ਬਾਦਸ਼ਾਹ ਹੋ। ਮੈਂ ਡਾਢਿਆਂ ਦੇ ਹੰਕਾਰ ਤੋੜਾਂਗਾ ਤੇ ਗ਼ਰੀਬਾਂ ਨੂੰ ਦੇਸ ਦੀ ਬਾਦਸ਼ਾਹੀ ਦੇਵਾਂਗਾ।

"ਅਬ ਦਯੈ ਪਾਤਸ਼ਾਹਿ ਗ਼ਰੀਬਨ ਉਠਾਇ। ਵੈ ਜਾਨੈ ਗੁਰ ਦਈ ਹੈ ਮਾਇ।੧੮।"
('ਪ੍ਰਾਚੀਨ ਪੰਥ ਪ੍ਰਕਾਸ਼', ਭਾਈ ਰਤਨ ਸਿੰਘ ਭੰਗੂ)

ਏਨੀ ਸੁਣ ਕੇ ਸਿੱਖਾਂ ਦੇ ਚਿਹਰਿਆਂ 'ਤੇ ਲਾਲੀਆਂ ਚਮਕ ਆਈਆਂ, ਦਿਲਾਂ ਵਿਚ ਜੋਸ਼ ਠਾਠਾਂ ਮਾਰਨ ਲੱਗਾ, ਸ਼ਮਸ਼ੀਰਾਂ ਮਿਆਨਾਂ ਵਿਚੋਂ ਉਛਲੀਆਂ ਤੇ ਖੁੱਲ੍ਹੀ ਹਵਾ ਵਿਚ ਚਮਕਣ ਲੱਗੀਆਂ। ਇਕ ਆਵਾਜ਼ ਹੋ ਕੇ ਸਿੰਘਾਂ ਦੇ ਜਜ਼ਬਾਤ ਬਾਹਰ ਨਿਕਲੇ:

"ਰਾਜ ਕਰੇਗਾ ਖ਼ਾਲਸਾ,
ਆਕੀ ਰਹੇ ਨਾ ਕੋਇ।"

ਦੀ ਧੁਨ ਨਾਲ ਧਰਤ ਆਕਾਸ਼ ਗੂੰਜ ਉੱਠੇ। ਏਹ ਨਾਅਰਾ ਸਿੱਖਾਂ ਦਾ ਨਿਸ਼ਾਨਾ ਬਣ ਗਿਆ।

ਮੁੱਖ ਦਫ਼ਤਰ
**ਮਕਾਨ ਨੰਬਰ : 532, ਫੇਜ਼-3ਬੀ1, ਐੱਸ. ਏ.ਐੱਸ. ਨਗਰ, (ਮੋਹਾਲੀ)**
**ਪਿੰਨ : 160059**
**ਫ਼ੋਨ ਨੰਬਰ : 93177-53202**
**e-mail : akjmagzine@yahoo.com**

Printed & published by Satinder Pal Singh on behalf of Satinder Pal Singh, Printed at Majestic Printing Press Bay Shop No.7, Near Chawla Nursing Home Phase 7, S.A.S. Nagar Mohali and published from H. No 532, Phase-3B1, S.A.S. Nagar, Mohali.
EDITOR: TALWINDER SINGH BUTTAR

### ਬੇਨਤੀ

**ਹਥਲਾ ਮਾਸਿਕ ਪੱਤਰ ਨਿਰੋਲ ਗੁਰਮਤਿ ਸਾਹਿਤਕ ਪਰਚਾ ਹੈ ਅਤੇ ਇਸ ਵਿਚ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਲਿਖੀਆਂ ਹੋਈਆਂ ਹਨ ਕ੍ਰਿਪਾ ਕਰਕੇ ਇਸ ਨੂੰ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ ਅਤੇ ਰੱਦੀ ਵਿਚ ਨਾ ਵੇਚਿਆ ਜਾਵੇ ਜੀ।**

### ਚੰਦਾ

**ਭਾਰਤ :** ਸਾਲਾਨਾ 200 ਰੁਪਏ, ਤਿੰਨ ਸਾਲ 500 ਰੁਪਏ, ਪੰਜ ਸਾਲ 800 ਰੁਪਏ, ਉਮਰ ਭਰ ਲਈ 2000 ਰੁਪਏ
**ਵਿਦੇਸ਼ਾਂ ਲਈ :** ਸਾਲਾਨਾ 2000 ਰੁਪਏ, ਉਮਰ ਭਰ ਲਈ 15,000 ਰੁਪਏ
ਚੰਦੇ ਆਪਣੇ ਨੇੜਲੇ ਸਾਡੇ ਪ੍ਰਤੀਨਿਧ ਜਾਂ ਸਾਡੇ ਮੁੱਖ ਦਫ਼ਤਰ 'ਚ ਜਮ੍ਹਾਂ ਕਰਵਾਏ ਜਾ ਸਕਦੇ ਹਨ ਜੀ।

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ

ਅੰਕ : ੧੨ ਸਾਲ : ੮ ਦਸੰਬਰ ੨੦੨੨

ਮੱਘਰ-ਪੋਹ, ੫੫੪ ਨਾਨਕਸ਼ਾਹੀ

# ਸੋ ਕਹੀਅਤ ਹੈ ਸੂਰਾ

ਨਿਰੋਲ ਧਾਰਮਿਕ ਮਾਸਿਕ ਪੱਤਰ


'ਸੋ ਕਹੀਅਤ ਹੈ ਸੂਰਾ' ਵਿਚ ਨਿਰੋਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੀ ਰਚਨਾਵਾਂ ਛਾਪਣ ਦੀ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਪਰ ਫ਼ਿਰ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨਾਲ 'ਸੰਪਾਦਕੀ ਮੰਡਲ' ਜਾਂ ਜਥੇ ਦੀ ਸਮੂਹਿਕ ਵਿਚਾਰਧਾਰਾ ਇੰਨ-ਬਿੰਨ ਸਹਿਮਤ ਹੋਵੇ।
ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਵਾਦ ਦੀ ਸੂਰਤ ਵਿਚ ਨਿਆਂਖੇਤਰ ਸਿਰਫ਼ ਅਜੀਤਗੜ੍ਹ (ਮੁਹਾਲੀ) ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਨੂੰ ਦੋ ਮਹੀਨੇ ਦੇ ਅੰਦਰ ਪ੍ਰਗਟ ਕਰਨਾ ਜ਼ਰੂਰੀ ਹੋਵੇਗਾ।

## ਲੇਖਕਾਂ ਤੇ ਪਾਠਕਾਂ ਲਈ

* ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਲਈ ਨਿਰੋਲ ਗੁਰਮਤਿ ਆਸ਼ੇ ਦੇ ਅਨੁਕੂਲ, ਰੂਹਾਨੀ/ਅਧਿਆਤਮਕ ਅਤੇ ਗੁਰਸਿੱਖੀ ਸਰੋਕਾਰਾਂ ਨਾਲ ਸਬੰਧਤ ਨਿਰਵਿਵਾਦ ਵਿਸ਼ਿਆਂ 'ਤੇ ਲੇਖਕਾਂ ਨੂੰ ਰਚਨਾਵਾਂ ਭੇਜਣ ਦੀ ਸਨਿਮਰ ਬੇਨਤੀ ਹੈ।
* ਰਚਨਾਵਾਂ ਵਿਚ ਲੇਖ, ਕਵਿਤਾਵਾਂ ਅਤੇ ਹੋਰ ਗੁਰਮਤਿ ਵਿਚਾਰਾਂ ਨਾਲ ਸਬੰਧਿਤ ਸਮੱਗਰੀ ਨੂੰ ਕਾਗਜ਼ 'ਤੇ ਸਾਫ਼-ਸੁਥਰੇ ਅੱਖਰਾਂ ਵਿਚ ਲਿਖ ਕੇ ਜਾਂ ਫ਼ਿਰ ਟਾਈਪ ਕਰਵਾ ਕੇ ਹਰ ਮਹੀਨੇ ਦੀ 10 ਤਰੀਖ਼ ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।
* ਲੇਖ ਸਮੱਗਰੀ ਦੇ ਨਾਲ ਗੁਰਬਾਣੀ ਦੀਆਂ ਤੁਕਾਂ ਅਤੇ ਹਵਾਲੇ ਕ੍ਰਿਪਾ ਕਰਕੇ ਪੂਰਨ ਰੂਪ ਵਿਚ ਸੋਧ ਕੇ ਭੇਜੋ ਜੀ।
* ਅਸੀਂ ਇਸ ਮਾਸਿਕ ਪੱਤਰ ਨੂੰ ਪਾਠਕ ਜਨਾਂ ਲਈ ਹੋਰ ਲਾਭਦਾਇਕ, ਜਾਣਕਾਰੀ ਭਰਪੂਰ ਅਤੇ ਗੁਰਬਾਣੀ ਆਸ਼ੇ ਤੇ ਗੁਰਮਤਿ ਵਿਚਾਰਾਂ ਦਾ ਵਾਹਕ ਬਣਾਉਣ ਲਈ ਅਖੰਡ ਕੀਰਤਨੀ ਜਥੇ ਦੇ ਸੂਝਵਾਨ ਤੇ ਚੇਤੰਨ ਮੈਂਬਰਾਂ ਦੇ ਸੁਝਾਵਾਂ ਦਾ ਹਾਰਦਿਕ ਸਵਾਗਤ ਕਰਾਂਗੇ।

> "ਸਿਖ, ਗੁਰੂ ਦੇ ਅਵਤਾਰ ਦਿਨ ਅਤੇ ਜੋਤੀ ਜੋਤਿ ਸਮਾਉਣ ਦੀਆਂ ਤਰੀਕਾਂ ਬਾਰੇ ਭੰਬਲ-ਭੂਸਿਆਂ, ਵਹਿਮਾਂ ਵਿਚ ਨਹੀਂ ਪੈਂਦਾ। ਅਜਿਹੀਆਂ ਗੱਲਾਂ ਮਨੌਤੀ ਸੰਗਤਾਂ ਨੂੰ ਹੀ ਚੰਗੀਆਂ ਲੱਗਦੀਆਂ ਹਨ। ਮਨੌਤੀ ਸੰਗਤਾਂ ਨਵੇਂ ਘੜੇ ਨਾਵਾਂ ਥੱਲੇ ਹੀ ਜੁੜਦੀਆਂ ਹਨ ਅਤੇ ਇਹ ਚੰਗੀ ਗੱਲ ਹੈ ਕਿ ਉਹ ਜੁੜ ਕੇ ਬੈਠਦੇ ਹਨ। ਜਿਹੜਾ ਸਿਖ ਸਾਰੀ ਉਮਰ ਵਿਚ ਕੇਵਲ ਇਕ ਵਾਰ ਗੁਰੂ ਦਾ ਨਾਮ ਲੈ ਕੇ ਉਸ ਨੂੰ 'ਮੇਰਾ ਪਿਆਰਾ', 'ਮੇਰਾ ਬਾਬਾ', 'ਧੰਨ ਗੁਰੂ ਨਾਨਕ' ਪੁਕਾਰਦਾ ਹੈ, ਉਹ ਗੁਰੂ ਨਾਨਕ ਨੂੰ ਏਨਾ ਪਿਆਰਾ ਹੋ ਜਾਂਦਾ ਹੈ ਕਿ ਉਹ, ਸਿੱਖ ਨੂੰ, ਉਸ ਦੇ ਲੱਖਾਂ ਜਨਮਾਂ ਤਕ, 'ਵਾਜ਼ਾਂ ਮਾਰਦਾ ਰਹਿੰਦਾ ਹੈ। ਉਹ ਸਿੱਖ ਦੇ ਘਰ ਆਪ ਜਾਂਦਾ ਹੈ ਅਤੇ ਉਸ ਦੇ ਮਨ-ਮੰਦਰ ਦਾ ਦਰਵਾਜ਼ਾ ਸਦੀਆਂ ਤੱਕ ਖੜਕਾਉਂਦਾ ਰਹਿੰਦਾ ਹੈ।
>
> \- ਪ੍ਰੋ. ਪੂਰਨ ਸਿੰਘ ਜੀ


ਗੁਰਮਤਿ ਗੌਰਵਤਾ-੬੮ 06
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਮੇਰੇ ਰੰਗੀਲੜੇ ਸਾਜਣ- ਅਕਾਲੀ ਜੀ 09
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਗੁਰਮਤਿ ਤੀਰਥ 13
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਅਜਪਾ ਜਾਪ ਤੇ ਅਕੱਥ ਕਥਾ 14
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਵਾਹਿਗੁਰੂ ਅੱਖਰਾਂ ਤੋਂ ਬਾਹਰ 16
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਸਰਬ ਰੋਗ ਕਾ ਅਉਖਦੁ ਨਾਮੁ 17
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਰਾਸ ਲੀਲ੍ਹਾ ਤੇ ਸਿਨਿਮੇ ਦਾ ਖੰਡਨ 20
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਧਰਮ ਅਤੇ ਇਤਿਹਾਸ ਦੇ ਸਨਮੁਖ ਮਨੋਰੰਜਨ 21
ਡਾ. ਸੇਵਕ ਸਿੰਘ

ਇਕੁਫਿਕਾ ਨ ਗਾਲਾਇ... 28
ਅਮਰੀਕ ਸਿੰਘ, ਅੰਬਾਲਾ

**ਵਾਊਸੰਦੇਕਪੜੇਪਹਿਰਹਿਗਰਬਿਗਵਾਰ ॥**
**ਨਾਨਕਨਾਲਿਨਚਲਨੀਜਲਿਬਲਿਹੋਏਛਾਰੁ ॥੨॥**
**(ਗਉੜੀ ਕੀ ਵਾਰ ਮਹਲਾ ੪ ॥, ਮ. ੫, ਅੰਕ : ੩੧੮)**

# ਅਰਥ ਵਿਚਾਰ

ਹਵਾ (ਵਾਊ) ਵਾਂਗ ਨਾ-ਮਾਤਰ ਕੱਪੜੇ ਮੂਰਖ (ਗਵਾਰ) ਪਹਿਨਦੇ ਹਨ ਹੰਕਾਰ ਵਿਚ। "ਨਾਨਕ" ਮੋਹਰ ਛਾਪ ਲਾ ਕੇ ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਇਹ ਕੱਪੜੇ ਅਤੇ ਸੋਹਣੇ ਸਰੀਰ ਨਾਲ (ਪ੍ਰਲੋਕ ਵਿਚ) ਨਹੀਂ ਜਾਂਦੇ ਅਤੇ ਇਥੇ ਦੁਨੀਆ ਵਿਚ ਹੀ ਸੜ ਕੇ ਸੁਆਹ (ਛਾਰੁ) ਹੋ ਜਾਂਦੇ ਹਨ। "ਵਾਊ ਸੰਦੇ ਕਪੜੇ" ਇਸ ਕਰਕੇ ਕਿਹਾ ਹੈ ਕਿ ਪੁਰਾਣੇ ਜ਼ਮਾਨੇ ਵਿਚ ਅਮੀਰ ਘਰ ਦੀਆਂ ਸ਼ੁਕੀਨ ਇਸਤ੍ਰੀਆਂ ਢਾਕੇ ਦੀ ਸਿਲਕ (ਰੇਸ਼ਮ) ਦੇ ਕੱਪੜੇ ਪਾਉਂਦੀਆਂ ਹੁੰਦੀਆਂ ਸਨ, ਜੋ ਕਿ ਇਤਨੇ ਬਾਰੀਕ ਹੋਇਆ ਕਰਦੇ ਸਨ ਕਿ ਉਹ ਮਾਚਿਸ ਦੀ ਡੱਬੀ ਵਿਚ ਸਮਾ ਜਾਂਦੇ ਸਨ।

ਅੱਜ ਦੇ ਜ਼ਮਾਨੇ ਵਿਚ ਢਾਕੇ ਦੀ ਸਿਲਕ ਦੇ ਕੱਪੜੇ ਤੇ ਨਹੀਂ ਪਾਏ ਜਾਂਦੇ ਪਰ ਹੁਣ ਕੱਪੜੇ ਓਦਾਂ ਹੀ ਬਹੁਤ ਘਟਾ ਦਿੱਤੇ ਗਏ ਹਨ ਅਤੇ ਸਰੀਰ ਦੀ ਸਿੱਧੀ ਹੀ ਨੁਮਾਇਸ਼ ਹੋਣ ਲੱਗ ਪਈ ਹੈ ਪਰ ਪੰਚਮ ਪਿਤਾ ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਇਹ ਸਲੋਕ ਉਨ੍ਹਾਂ ਬੀਬੀਆਂ ਅਤੇ ਬੰਦਿਆਂ ਦੇ ਸਿਰ 'ਤੇ ਇਕ ਤਾਕੀਦੀ ਹੁਕਮ ਹੈ ਕਿ ਅਜਿਹੇ ਕੱਪੜੇ ਨਹੀਂ ਪਾਉਣੇ ਚਾਹੀਦੇ ਜਿਨ੍ਹਾਂ ਵਿਚੋਂ ਸਰੀਰ ਦੀ ਨੁਮਾਇਸ਼ ਜਾਂ ਪ੍ਰਦਰਸ਼ਨੀ ਹੋਵੇ। ਜੋ ਲੋਕ "ਵਾਊ ਸੰਦੇ ਕਪੜੇ" ਪਾਉਂਦੇ ਹਨ, ਉਹ ਅਕਸਰ ਆਪਣੇ ਸਰੀਰ 'ਤੇ ਮਾਣ ਕਰਦੇ ਹਨ ਅਤੇ ਸੋਚਦੇ ਹਨ ਕਿ ਉਨ੍ਹਾਂ ਦਾ ਸਰੀਰ ਬਹੁਤ ਸੋਹਣਾ ਹੈ। ਜਿਨ੍ਹਾਂ ਲੜਕਿਆਂ ਦੇ ਸਰੀਰ ਤਕੜੇ ਹੁੰਦੇ ਅਤੇ ਜਿਨ੍ਹਾਂ ਨੂੰ ਗੁਰਮਤਿ ਦੀ ਸੋਝੀ ਨਹੀਂ ਹੁੰਦੀ ਉਹ ਅਕਸਰ ਹੀ ਅਜਿਹੀਆਂ ਟੀ-ਸ਼ਰਟਾਂ ਪਾਉਂਦੇ ਹਨ ਜਿਨ੍ਹਾਂ ਵਿਚੋਂ ਉਨ੍ਹਾਂ ਦੇ ਡੌਲੇ ਆਦਿ ਦਿਸਣ। ਇਸ ਤਰ੍ਹਾਂ ਉਹ ਆਪਣੇ ਫ਼ਾਨੀ ਸਰੀਰ 'ਤੇ ਝੂਠੇ ਹੰਕਾਰ ਦਾ ਮੁਜ਼ਾਹਰਾ ਕਰਦੇ ਹਨ। ਇਸੇ ਤਰ੍ਹਾਂ ਹੀ ਅੱਜ-ਕਲ੍ਹ, ਕਲਿਜੁਗ ਦੇ ਮਾੜੇ ਪ੍ਰਭਾਵ ਹੇਠ ਔਰਤਾਂ ਅਕਸਰ ਹੀ ਬੇਹਯਾਈ ਵਾਲੇ ਕੱਪੜੇ, ਜਿਨ੍ਹਾਂ ਵਿਚੋਂ ਉਨ੍ਹਾਂ ਦਾ ਸਰੀਰ ਦਿਸਦਾ ਹੋਵੇ, ਪਾਉਣ ਵਿਚ ਬਹੁਤ ਫ਼ਖ਼ਰ ਸਮਝਦੀਆਂ ਹਨ। ਉਸ ਵੇਲੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਜਦੋਂ ਸਾਡੀਆਂ ਭੈਣਾਂ-ਬੇਟੀਆਂ ਕੀਰਤਨ ਸਮਾਗਮਾਂ 'ਤੇ ਵੀ ਕੱਪੜਿਆਂ ਦੀ ਨੁਮਾਇਸ਼ ਕਰਨ ਤੋਂ ਗੁਰੇਜ਼ ਨਹੀਂ ਕਰਦੀਆਂ।

ਇਕ ਗੱਲ ਸੋਚਣੀ ਚਾਹੀਦੀ ਹੈ ਕਿ ਜੇ ਕੋਈ ਵਿਅਕਤੀ ਕਿਸੇ ਦੇ ਸਰੀਰ ਵੱਲ ਆਕਰਸ਼ਿਤ ਹੋ ਕੇ ਉਸ ਨਾਲ ਸਬੰਧ ਜੋੜਦਾ ਹੈ ਤਾਂ ਉਹ ਸਰੀਰ ਦੇ ਢਲ ਜਾਣ ਤੋਂ ਬਾਅਦ ਉਸ ਦਾ ਵਫ਼ਾਦਾਰ ਕਿਵੇਂ ਰਹਿ ਸਕੇਗਾ? ਸਰੀਰ ਦੀ ਖ਼ੂਬਸੂਰਤੀ ਤਾਂ ਚਾਰ ਦਿਹਾੜੇ ਦੀ ਹੈ ਅਤੇ ਜਦੋਂ ਸਰੀਰ ਢਲ ਜਾਂਦਾ ਹੈ ਤਾਂ ਇਸ ਸਰੀਰ ਕਰਕੇ ਜੁੜੇ ਹੋਏ ਲੋਕ ਵੀ ਦੂਰ ਹੋ ਜਾਂਦੇ ਹਨ। ਉਸ ਵੇਲੇ ਜੀਵ ਨੂੰ ਬਹੁਤ ਦੁਖ ਹੁੰਦਾ ਹੈ। ਸੋ ਅੰਦਰਲੇ ਗੁਣਾਂ ਦੀ ਥਾਂ 'ਤੇ ਸਰੀਰ ਦੀ ਨੁਮਾਇਸ਼ ਕਰਨੀ, ਗੁਰਮਤਿ ਅਨੁਸਾਰ ਇਕ ਵੱਡੀ ਬੇਵਕੂਫ਼ੀ ਹੈ। ਗੁਰੂ ਕੇ ਸਿੱਖ ਕਦੇ ਵੀ ਸੰਸਾਰ ਦੀਆਂ ਕੂੜਾਵੀਆਂ ਵਸਤਾਂ ਉਪਰ ਮਾਣ ਨਹੀਂ ਕਰਦੇ। ਉਹ ਕੇਵਲ, ਸਿਰ ਦੇ ਸਾਂਈਂ ਸ੍ਰੀ ਵਾਹਿਗੁਰੂ ਸਾਹਿਬ ਜੀ 'ਤੇ ਹੀ ਮਾਣ ਕਰਦੇ ਹਨ। ▪▪

# ਗੁਰਮਤਿ ਸੱਚਾ ਤੇ ਸਦੀਵੀ ਧਰਮ

## ਅਰਥਾਤ

# ਗੁਰਮਤਿ ਗੌਰਵਤਾ -੬੮

## ਜਿਸ ਵਿਚ

# ਗੁਰਮਤਿ ਮੰਡਨ ਤੇ ਮਨਮਤਿ ਖੰਡਨ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...)

### ੭੩. ਗੁਰੂ ਘਰ ਵਿਚ ਹੀ ਨਿਸਤਾਰਾ ਹੈ ਸੰਤੋਖੇ ਜੋਗੀ ਦੀ ਕਹਾਣੀ

ਚੇਤਨਤਾ ਤੇ ਜੜ੍ਹਤਾ ਅਰਥਾਤ ਦੇਵਤੇ ਅਤੇ ਦੈਂਤਾਂ ਦੀਆਂ ਦੋਵੇਂ ਵਖੋ ਵਖ ਸ਼ਾਖ਼ਾਂ ਉਪਾਇ ਕੇ ਵਾਹਿਗੁਰੂ ਅਕਾਲ ਪੁਰਖ ਨਿਰਾਲਾ ਹੀ ਉਨ੍ਹਾਂ ਵਿਚ ਵਰਤਿਆ। ਤਿਨ੍ਹਾਂ ਦੋਹਾਂ ਦੇ ਅੰਦਰ ਬੇਦ-ਬਾਣੀ ਵਰਤਨ ਕਰਕੇ ਬਾਦ ਬਿਬਾਦ ਮਈ ਝਗੜਾ ਹੀ ਉਤਪੰਨ ਹੁੰਦਾ ਰਿਹਾ। ਪਰਵਿਰਤੀ ਅਤੇ ਨਿਰਵਰਤੀ ਪੱਖ ਵਿਚ ਦੋਵੇਂ ਧਿਰਾਂ ਖਹਿ ਖਹਿ ਮਰਦੀਆਂ ਰਹੀਆਂ, ਧਰਮ ਵਿਚ-ਵਿਚਾਲੇ ਇਨ੍ਹਾਂ ਦਾ ਰਹਿਬਰ ਹੋਇਆ, ਜਿਸ ਨੇ ਇਨ੍ਹਾਂ ਦੇ ਕਰਮਾਂ ਅਨੁਸਾਰ ਨਿਬੇੜਾ ਕੀਤਾ। ਏਹ ਦੋਨੋਂ ਪਾਸੇ ਵਾਲੇ ਗੁਰਮਤਿ ਵਲੋਂ ਉੱਕੇ ਹੀ ਮਨਮੁਖ ਰਹੇ ਤੇ ਕੱਚੇ ਕੂੜਿਆਰ ਹੀ ਰਹਿ ਕੇ ਸਾਰੀ ਉਮਰ ਬਤੀਤ ਕਰਦੇ ਰਹੇ, ਨਿਸਚੇ ਕਰਕੇ ਅਗੇ ਤਿਨ੍ਹਾਂ ਦੀ ਹਾਰ ਹੀ ਹਾਰ ਹੋਈ। ਜਿੱਤ ਉਨ੍ਹਾਂ ਦੀ ਹੋਈ, ਜੇਹੜੇ ਸੂਰਮੇ ਗੁਰਮੁਖਿ ਜਨ ਗੁਰਮਤਿ ਦੁਆਰਾ ਗੁਰ-ਸ਼ਬਦ (ਗੁਰਮੰਤ੍ਰ) ਦੇ ਅਭਿਆਸ ਵਿਚ ਲਗੇ ਰਹੇ।

ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥॥੨॥

(ਪਉੜੀ, ਆਸਾ ਦੀ ਵਾਰ, ਪੰਨਾ: ੪੬੩)

ਗੁਰਮਤਿ ਤੋਂ ਪ੍ਰਾਪਤ ਹੋਏ ਗੁਰ-ਸ਼ਬਦ ਗੁਰਦੀਖਿਆ ਗੁਰਮੰਤਰ ਵਿਚ ਜੁਟੇ ਹੋਏ ਗੁਰਮੁਖਿ ਜਨਾਂ ਨੇ ਹੀ ਨਾਮ ਜਪ ਜਪ ਕੇ ਅਤੇ ਇਸ ਬਿਧਿ ਆਪਣੇ ਮਨੂਏ ਨਾਲ ਜੂਝ ਜੂਝ ਕੇ ਕਾਮ ਕ੍ਰੋਧ ਆਦਿਕਾਂ ਨੂੰ ਵਿਚੋਂ ਮਾਰ ਸੁਟਿਆ। ਸੱਚੇ ਵਾਹਿਗੁਰੂ ਦੇ ਮਹਿਲ ਅੰਦਰ ਤਿਨ੍ਹਾਂ ਦਾ ਵਾਸਾ ਹੋਇਆ; ਸੱਚੇ ਗੁਰਮੰਤਰ ਰੂਪੀ ਸ਼ਬਦ



ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਦਵਾਰਾ ਉਹ ਸਵਾਰੇ ਗਏ। ਜਿਨ੍ਹਾਂ ਦਾ ਸੱਚੇ ਵਾਹਿਗੁਰੂ ਨਾਮ ਨਾਲ ਪਿਆਰ ਹੋਇਆ, ਸੇਈ ਸੱਚੇ ਭਗਤ ਵਾਹਿਗੁਰੂ ਨੂੰ ਭਾਉਂਦੇ ਹਨ। ਜੋ ਗੁਰਮੁਖਿ ਜਨ ਧੁਰੋਂ ਆਇਆ, ਧੁਰੋਂ ਪਠਾਇਆ, ਖ਼ਾਸ ਸਤਿਗੁਰੂ ਸੇਵਦੇ ਹਨ, ਤਿਨ੍ਹਾਂ ਵਿਟਹੁ ਗੁਰੂ ਨਾਨਕ ਸਾਹਿਬ ਵਾਰਨੇ ਬਲਿਹਾਰਨੇ ਜਾਂਦੇ ਹਨ।

**ਇਕਿ ਵਣਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥**
**ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ ॥**
**ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ॥**
**ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ॥**
**ਇਕਿ ਨਗਨ ਫਿਰਹਿ ਦਿਨੁ ਰਾਤਿ ਨੀਦ ਨ ਸੋਵਹੀ ॥**
**ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ ॥**
**ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥**
**ਸੋਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ ॥੧੫॥**

**(ਪਉੜੀ, ਵਾਰ ਮਲਾਰ, ਮ: ੧, ਪੰਨਾ: ੧੨੮੪)**

**ਇਸ ਗੁਰਵਾਕ ਦੁਆਰਾ ਨਾਨਾ ਪ੍ਰਕਾਰ ਦੇ ਭੇਖੀਆਂ ਕਰਮੀਆਂ ਆਨਮਤੀਆਂ ਦੀ ਭੇਖ-ਕਿਰਿਆ ਨੂੰ ਖ਼ੂਬ ਸੋਧ ਕੇ ਖੰਡਨ ਕੀਤਾ ਗਿਆ ਹੈ। ਯਥਾ ਵਿਆਖਿਆ-**

ਇਕ ਭੇਖੀ ਭਰਮੀ ਐਸੇ ਹਨ ਜੋ ਨਿਰ-ਜਨ ਜੰਗਲ ਵਿਚ ਜਾ ਬਹਿੰਦੇ ਹਨ ਅਤੇ ਪਏ ਭੁੱਖੇ ਮਰਦੇ ਹਨ। ਮੋਨ-ਬਰਤ ਧਾਰਨ ਕਰ ਕੇ ਕਿਸੇ ਤੋਂ ਮੰਗਦੇ ਨਹੀਂ। ਉਨ੍ਹਾਂ ਨੂੰ ਸੱਦ ਬੁਲਾ ਕੇ ਅਵਾਜ਼ ਮਾਰ ਕੇ ਕੋਈ ਦਿੰਦਾ ਵੀ ਨਹੀਂ ਖਾਣ ਪੀਣ ਨੂੰ। ਹੋਰ ਐਸੇ ਭੇਖਧਾਰੀ ਵੀ ਹਨ ਜੋ ਬਾਹਰ ਨਗਨ ਬੈਠ ਕੇ ਪਾਲੇ ਵਿਚ ਮਰਦੇ ਹਨ, ਕੱਕਰ ਪਾਲੇ ਪੈਂਦੇ ਵਿਚ ਆਪਣੇ ਸਰੀਰ ਨੂੰ ਭੰਨ ਕੇ ਤਰੋੜ ਮਰੋੜਦੇ ਹਨ, ਬਰਫ਼ ਵਰਗੇ ਸੀਤਲ ਜਲ ਨਾਲ ਨਹਾ ਕੇ ਆਪਣੇ ਸਰੀਰ ਨੂੰ ਕਸ਼ਟ ਦਿੰਦੇ ਹਨ। ਇਸ ਤੋਂ ਉਲਟ ਹੋਰ ਅਜਿਹੇ ਵੀ ਭੇਖਧਾਰੀ ਹਨ ਜੋ ਆਪਣੇ ਸਰੀਰ ਦੇ ਸਾਰੇ ਅੰਗਾਂ 'ਤੇ ਸਵਾਹ ਚੜ੍ਹਾਉਂਦੇ, ਭਸਮ ਰਮਾਉਂਦੇ ਹਨ ਤੇ ਮੈਲ ਕਦੇ ਨਹੀਂ ਧੋਂਵਦੇ, ਸਦਾ ਮੈਲ-ਧਾਰੀ ਰਹਿੰਦੇ ਹਨ। ਇਕ ਅਜਿਹੇ ਭਰਮੀ ਭੇਖੀ ਵੀ ਹਨ ਜੋ ਆਪਣੇ ਸਿਰ 'ਤੇ ਜਟਾਂ ਧਾਰ ਬਿਕਟ ਕਰੜੇ ਤਪ ਕਰਦੇ ਹਨ, ਬੜੇ ਬਿਕਰਾਲ ਰੂਪ ਵਿਚ ਰਹਿੰਦੇ ਹਨ, ਜਿਸ ਕੁਲ ਨੇ ਉਹ ਜਣੇ ਹਨ ਉਸ ਕੁਲ ਖ਼ਾਨਦਾਨ ਦਾ ਨਾਮ ਬਦਨਾਮ ਕਰਦੇ ਹਨ। ਨੰਗੇ ਭੇਖ ਵਾਲੇ ਇਕ ਐਸੇ ਭੇਖੀ ਵੀ ਹਨ ਜੋ ਦਿਨ ਰਾਤ ਨੰਗੇ ਹੀ ਫਿਰਦੇ ਰਹਿੰਦੇ ਹਨ ਅਤੇ ਰਜਵੀਂ ਨੀਂਦ ਵੀ ਨਹੀਂ ਸੌਂਦੇ। ਲੋਕਾਂ ਭਾਣੇ ਲੌਕਿਕ ਵਡਿਆਈ ਲੈਂਦੇ ਹਨ; ਅੰਧਲੇ ਅਗਿਆਨੀ ਲੋਕ ਵੀ ਅਜਿਹੇ ਭੇਖੀਆਂ ਭਰਮੀਆਂ ਨੂੰ ਪੁੱਜੇ ਹੋਏ ਸਮਝ ਕੇ ਇਨ੍ਹਾਂ ਦੀ ਛਾਦਨ ਭੋਜਨ ਦੀ ਸੇਵਾ ਕਰਦੇ ਹਨ, ਜੋ ਕਿਸੇ

ਲੇਖੇ ਅਤੇ ਥਾਉਂ ਨਹੀਂ ਪੈਂਦੀ। ਇਕ ਭੇਖ ਤਪ ਵਾਲੇ ਐਸੇ ਭੇਖੀ ਜਨ ਵੀ ਹਨ ਜੋ ਅਗਨੀ ਦੁਆਰਾ ਧੂਣੀ ਰਮਾ ਕੇ ਆਪਣੇ ਅੰਗਾਂ, ਸਰੀਰ ਨੂੰ ਜੇਠ ਹਾੜ ਦੀਆਂ ਪੈਂਦੀਆਂ ਗਰਮੀਆਂ ਵਿਖੇ ਵੀ ਸੇਕਦੇ ਹਨ। ਅਜਿਹੇ ਭੇਖੀ ਭਰਮੀ ਆਪਣੇ ਆਪ ਨੂੰ ਖ਼ਰਾਬ ਕਰਦੇ ਹਨ। ਅਜਿਹੇ ਭੇਖੀਆਂ ਭਰਮੀਆਂ ਦਾ ਤਨ (ਬਦਨ) ਛਾਰ ਵਿਚ ਰਲ ਕੇ ਖੀਨ ਖ਼ਰਾਬ ਹੁੰਦਾ ਰਹਿੰਦਾ ਹੈ। ਨਾਮ ਬਿਨਾਂ ਇਹ ਭੇਖ ਕਿਸੇ ਕੰਮ ਵੀ ਨਹੀਂ ਆਉਂਦੇ, ਐਵੇਂ ਰੋਂਦੇ ਬਿਲਲਾਉਂਦੇ ਹੀ ਰਹਿੰਦੇ ਹਨ। ਜੋ ਗੁਰਮੁਖਿ ਜਨ ਸਤਿਗੁਰ ਸੱਚੇ ਪਾਤਸ਼ਾਹ ਦੇ ਸੇਵਕ ਸਿਖ ਹਨ, ਉਹੀ ਸੱਚੇ ਖਸਮ ਵਾਹਿਗੁਰੂ ਦੇ ਦੁਆਰੇ 'ਤੇ ਜਾ ਕੇ ਸੋਂਹਦੇ ਤੇ ਸੁਖੀ ਵਸਦੇ ਹਨ।

**ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ ॥**
**ਤਿਨ੍ ਮੁਖਿ ਨਾਹੀ ਨਾਮੁ ਨ ਤੀਰਥਿ ਨ੍ਾਇਆ ॥**
**ਹਥੀ ਸਿਰ ਖੋਹਾਇ ਨ ਭਦੁ ਕਰਾਇਆ ॥**
**ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ ॥**
**ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ ॥**
**ਮਨਿ ਜੂਠੈ ਵੇਜਾਤਿ ਜੂਠਾ ਖਾਇਆ ॥**
**ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ ॥**
**ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥੧੬॥**
**(ਪਉੜੀ, ਮਲਾਰ ਵਾਰ, ਮ: ੧, ਪੰਨਾ: ੧੨੮੫)**

ਇਸ ਗੁਰਵਾਕ ਦਵਾਰਾ ਜੈਨ ਮਤ ਵਾਲੇ ਪਾਖੰਡੀਆਂ ਭੇਖੀਆਂ ਨੂੰ ਫਿਰ ਸੋਧਿਆ ਪ੍ਰਬੋਧਿਆ ਗਿਆ ਹੈ ਤੇ ਇਨ੍ਹਾਂ ਦੀ ਆਨਮਤਿ ਵਾਲੀ ਪਾਖੰਡ-ਕਿਰਿਆ ਦਾ ਖ਼ੂਬ ਖੰਡਨ ਕੀਤਾ ਗਿਆ ਹੈ। ਯਥਾ ਵਿਆਖਿਆ-

ਇਹ ਜੈਨ-ਮਤੀ ਧੁਰ ਦਰਗਾਹੋਂ ਹੀ ਫਿਟਕਾਰੇ ਗਏ ਹਨ ਅਤੇ ਉਝੜ ਪਾਏ ਗਏ ਹਨ, ਮੂਲ ਮੁਢੋਂ ਹੀ ਖੁਆਏ ਗਏ ਹਨ। ਨਾਮ ਤਾਂ ਉਨ੍ਹਾਂ ਦੇ ਮੁਖਾਰਬਿੰਦ ਵਿਚ ਕੀ ਆਉਣਾ ਸੀ, ਉਹ ਹਿੰਦੂਆਂ ਦੇ ਤੀਰਥਾਂ 'ਤੇ ਨਹੀਂ ਨ੍ਹਾਉਂਦੇ (ਨ੍ਹਾਉਂਦੇ ਉੱਕਾ ਹੀ ਨਹੀਂ)। ਉਹ ਆਪਣੇ ਹੱਥਾਂ ਨਾਲ ਹੀ ਸਿਰ ਦੇ ਰੋਮ ਖੋਹ ਖੋਹ ਕੇ ਪੁਟ ਸੁਟਦੇ ਹਨ, ਨਿਰਾ ਹੀ ਭਦਨ ਚੱਟ ਕਰ ਲੈਂਦੇ ਹਨ। ਉਹ ਦਿਨੇ ਰਾਤ ਕੁਚਲ ਕੁਚੀਲ ਹੀ ਰਹਿੰਦੇ ਹਨ, ਇਸ਼ਨਾਨ ਤਾਂ ਉਨ੍ਹਾਂ ਨੇ ਕਦੇ ਨ ਕਰਨਾ ਹੋਇਆ।

ਧਿਆਨ ਤਾਂ ਉਹਨਾਂ ਕਿਸ ਦਾ ਧਰਨਾ ਸੀ, ਸ਼ਬਦ ਤਾਂ ਉਨ੍ਹਾਂ ਨੂੰ ਭਾਉਂਦਾ ਹੀ ਨਹੀਂ। ਹਿੰਦੂ ਮਤ ਅਨੁਸਾਰ ਭੀ ਉਹ ਕਿਸੇ ਵੀ ਜਾਤ ਕਰਮ ਅਨੁਸਾਰ ਨਹੀਂ ਰਹਿੰਦੇ। ਉਨ੍ਹਾਂ ਦੇ ਕਰਮ ਸਦਾ ਹੀ ਭ੍ਰਿਸ਼ਟ ਹੁੰਦੇ ਹਨ। ਮਨੁਖਾ ਜਨਮ ਉਹ ਬਿਰਥਾ ਹੀ ਗਵਾ ਲੈਂਦੇ ਹਨ। ਮਨ ਕਰਕੇ ਉਹ ਸਦਾ ਹੀ ਜੂਠੇ ਰਹਿੰਦੇ ਹਨ, ਜੂਠਾ ਵੀ ਖਾ ਲੈਂਦੇ ਹਨ। ਇਨ੍ਹਾਂ ਭੇਖੀਆਂ ਵਿਚੋਂ ਸੱਚੀ ਸੁਕ੍ਰਿਤ ਕਰਣੀ ਰੂਪੀ ਅਚਾਰ ਚਲਨ ਕਿਸੇ ਨੇ ਵੀ ਨਹੀਂ ਪਾਇਆ, ਨਾ ਪਾ ਸਕਦੇ ਹਨ। ਯਥਾ ਗੁਰਵਾਕ-

**ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥ ( ॥੪॥੩॥)**
**(ਭੈਰਉ ਮਹਲਾ ੪, ਪੰਨਾ: ੧੧੩੪)**

ਜੇਹੜੇ ਗੁਰੂ ਦੇ ਵਰੋਸਾਏ ਹੋਏ ਗੁਰਮੁਖਿ ਜਨ ਹਨ, ਉਹ ਸੱਚੇ ਵਾਹਿਗੁਰੂ ਨਿਰੰਕਾਰ ਓਅੰਕਾਰ ਦੇ ਸਰੂਪ ਵਿਚ ਗੁਰਮਤਿ ਨਾਮ ਨੂੰ ਸਿਮਰ ਸਿਮਰ ਕੇ ਸਮਾਏ ਰਹਿੰਦੇ ਹਨ।

**ਸਚਾ ਅਲਖ ਅਭੇਉ ਹਠਿ ਨ ਪਤੀਜਈ ॥**
**ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥**
**ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥**
**ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥**
**ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ ॥**
**ਕਰਮ ਵਧਹਿ ਕੈ ਲੋਅ ਖਪਿ ਮਰੀਜਈ ॥**
**ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ ॥**
**ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ ॥੧੭॥**
**(ਪਉੜੀ, ਵਾਰ ਮਲਾਰ, ਮ: ੧, ਪੰਨਾ: ੧੨੮੫)**

ਇਸ ਗੁਰਵਾਕ ਦੁਆਰਾ ਹਠੀਆਂ ਭੇਖੀਆਂ ਨੂੰ ਸੋਧਿਆ ਗਿਆ ਹੈ ਅਤੇ ਫੋਕੇ ਰਾਗ ਦਾ ਫ਼ਖ਼ਰ ਕਰਨ ਵਾਲੇ ਸ਼ੁਸ਼ਕ ਰਾਗੀਆਂ ਦਾ ਭੀ ਖੰਡਨ ਕੀਤਾ ਗਿਆ ਹੈ। ਨਿਰੇ ਨਿਰਤਕਾਰੀਆਂ ਤਾਲ ਪੂਰਨ-ਹਾਰੀਆਂ, ਭੇਖੀਆਂ ਦਾ ਵੀ ਪਾਖੰਡ ਖੋਲ੍ਹ ਕੇ ਖੰਡਨ ਕੀਤਾ ਗਿਆ ਹੈ। ਤਿਨ੍ਹਾਂ ਮੂਰਖ ਪਾਖੰਡੀਆਂ ਦਾ ਭੀ ਪੂਰੇ ਤੌਰ ਤੇ ਖੰਡਨ ਕੀਤਾ ਗਿਆ ਹੈ, ਜੇਹੜੇ ਅੰਨ-ਤਿਆਗੀ ਹੋ ਕੇ ਲੋਕਾਂ ਨੂੰ ਦਿਖਾਂਵਦੇ ਹਨ ਅਤੇ ਅੰਨ ਨਹੀਂ ਖਾਂਦੇ। ਯਥਾ ਵਿਆਖਿਆ-

ਸੱਚਾ ਅਲੱਖ ਅਭੇਵ ਵਾਹਿਗੁਰੂ ਅੰਤਰਯਾਮੀ ਪਾਖੰਡੀਆਂ ਦੇ ਫੋਕੇ ਹਠ ਤੇ ਨਹੀਂ ਪਤੀਜਦਾ। ਇਕ ਅਜਿਹੇ ਰਾਗ-ਅਭਿਮਾਨੀ ਰਾਗੀ ਜਨ ਵੀ ਹਨ, ਜੋ ਪਰੀਆਂ ਅਪੱਛਰਾਂ ਵਾਲੇ ਰਾਗ ਗਾ ਗਾ ਕੇ ਲੋਕਾਂ ਨੂੰ ਰੀਝਾਉਂਦੇ ਹਨ, ਉਹ ਲੋਕਾਂ ਨੂੰ ਤਾਂ ਪਏ ਰੀਝਾਵਣ, ਪਰ ਅੰਤਰਯਾਮੀ ਵਾਹਿਗੁਰੂ ਸੱਚਾ, ਸਤਿਗੁਰੂ ਸੱਚਾ ਤੇ ਗੁਰੂ ਦੇ ਗੁਰਮੁਖਿ ਸੱਚੇ ਇਨ੍ਹਾਂ ਦੇ ਫੋਕੇ ਰਾਗਾਂ 'ਤੇ ਨਹੀਂ ਭਿਜਦੇ।

ਭਿਜਦੇ ਹਨ ਤਾਂ ਕੱਚੀਆਂ ਬਾਣੀਆਂ ਦੇ ਸੁਣਨਹਾਰੇ ਨਿਰੇ ਰਾਗ ਦੇ ਸ਼ੁਕੀਨ ਹੀ ਭਿਜਦੇ ਹਨ। ਇਕ ਅਜਿਹੇ ਪਾਖੰਡੀ ਭੇਖੀ ਭੀ ਹਨ ਜੋ ਨਿਰੀ ਨਿਰਤਕਾਰੀ ਕਰ ਕੇ ਫੋਕੇ ਤਾਲ ਪੂਰਦੇ ਹਨ ਅਤੇ ਇਸੇ ਨੱਚਣ ਟੱਪਣ ਤੇ ਫੋਕੇ ਤਾਲ ਪੂਰਨ ਨੂੰ ਹੀ ਭਗਤੀ ਦਸਦੇ ਹਨ। ਪ੍ਰੰਤੂ ਗੁਰਮਤਿ ਅਨੁਸਾਰ ਇਹ ਭਗਤੀ ਨਹੀਂ ਹੈ,

*ਇਕ ਭੇਖੀ ਭਰਮੀ ਐਸੇ ਹਨ ਜੋ ਨਿਰ-ਜਨ ਜੰਗਲ ਵਿਚ ਜਾ ਬਹਿੰਦੇ ਹਨ ਅਤੇ ਪਏ ਭੁੱਖੇ ਮਰਦੇ ਹਨ। ਮੋਨ-ਬਰਤ ਧਾਰਨ ਕਰ ਕੇ ਕਿਸੇ ਤੋਂ ਮੰਗਦੇ ਨਹੀਂ। ਉਨ੍ਹਾਂ ਨੂੰ ਸੱਦ ਬੁਲਾ ਕੇ ਅਵਾਜ਼ ਮਾਰ ਕੇ ਕੋਈ ਦਿੰਦਾ ਵੀ ਨਹੀਂ ਖਾਣ ਪੀਣ ਨੂੰ। ਹੋਰ ਐਸੇ ਭੇਖਧਾਰੀ ਵੀ ਹਨ ਜੋ ਬਾਹਰ ਨਗਨ ਬੈਠ ਕੇ ਪਾਲੇ ਵਿਚ ਮਰਦੇ ਹਨ, ਕੱਕਰ ਪਾਲੇ ਪੈਂਦੇ ਵਿਚ ਆਪਣੇ ਸਰੀਰ ਨੂੰ ਭੰਨ ਕੇ ਤਰੋੜ ਮਰੋੜਦੇ ਹਨ, ਬਰਫ਼ ਵਰਗੇ ਸੀਤਲ ਜਲ ਨਾਲ ਨਹਾ ਕੇ ਆਪਣੇ ਸਰੀਰ ਨੂੰ ਕਸ਼ਟ ਦਿੰਦੇ ਹਨ। ਇਸ ਤੋਂ ਉਲਟ ਹੋਰ ਅਜਿਹੇ ਵੀ ਭੇਖਧਾਰੀ ਹਨ ਜੋ ਆਪਣੇ ਸਰੀਰ ਦੇ ਸਾਰੇ ਅੰਗਾਂ 'ਤੇ ਸਵਾਹ ਚੜ੍ਹਾਉਂਦੇ, ਭਸਮ ਰਮਾਉਂਦੇ ਹਨ ਤੇ ਮੈਲ ਕਦੇ ਨਹੀਂ ਧੋਂਵਦੇ, ਸਦਾ ਮੈਲ-ਧਾਰੀ ਰਹਿੰਦੇ ਹਨ।*

ਇਸ ਲਈ ਇਹ ਤੱਤ-ਭਗਤੀ ਨਹੀਂ ਕਰਦੇ, ਬਲਕਿ ਠਗ-ਭਗਤੀ ਕਰਦੇ ਹਨ। ਨਿਰੇ ਅੰਨ-ਤਿਆਗੀਆਂ ਨੂੰ ਗੁਰੂ ਸਾਹਿਬ ਨੇ ਮੂਰਖ ਦਸਿਆ ਹੈ, ਯਥਾ ਗੁਰਵਾਕ-

**ਜਗ ਮਹਿ ਬਕਤੇ ਦੂਧਾਧਾਰੀ ॥ ਗੁਪਤੀ ਖਾਵਹਿ ਵਟਿਕਾ ਸਾਰੀ ॥੩ ॥** ( ॥੪ ॥੮ ॥੧੧ ॥)

**(ਗੋਂਡ, ਕਬੀਰ ਜੀਉ, ਪੰਨਾ: ੮੭੩)**

ਭੇਖੀ ਅੰਨ-ਤਿਆਗੀਆਂ ਦੀ ਇਹ ਤ੍ਰਿਸ਼ਨਾ ਬਹੁਤੀ ਵਧ ਜਾਂਦੀ ਹੈ, ਐਸੀ ਵਧ ਜਾਂਦੀ ਹੈ ਕਿ ਕਿਵੇਂ ਧਿਜਦੇ ਹੀ ਨਹੀਂ। ਲੋਕਾਚਾਰੀ ਕਰਮ ਕਰ ਕੇ ਨਿਤਾਪ੍ਰਤਿ ਇਨ੍ਹਾਂ ਕਰਮ-ਕਾਂਡੀਆਂ ਦਾ ਭੇਖ ਵਧਦਾ ਹੀ ਜਾਂਦਾ ਹੈ, ਪਏ ਖਪ ਖਪ ਮਰਦੇ ਹਨ। ਸੱਚਾ ਲਾਹਾ ਇਸ ਸੰਸਾਰ ਵਿਖੇ ਸੱਚੇ ਨਾਮ ਦਾ ਹੈ ਤੇ ਐਸਾ ਲਾਹਾ ਹੈ ਕਿ ਨਾਮ ਜਪਿਆਂ ਅੰਮ੍ਰਿਤ ਰਸ ਦੇ ਗਟਾਕ ਭੁੰਚੀਦੇ ਹਨ। ਪਰ ਇਨ੍ਹਾਂ ਉਪਰ ਦੱਸੇ ਭੇਖੀਆਂ ਦੀ ਕਿਸਮਤ ਵਿਚ ਇਹ ਲਾਹਾ ਹੈ ਨਹੀਂ, ਲੋਕਾਚਾਰੀ ਦੇ ਰਾਹ ਵਿਚ ਘੁਸੜੇ ਹੋਏ ਹਨ ਅਤੇ ਇਸ ਲਾਹੇ ਨੂੰ ਵਡਾ ਲਾਹਾ ਸਮਝਦੇ ਹਨ, ਜੋ ਨਿਰੀ ਮੂੜ੍ਹ ਮਤਿ ਹੈ, ਜੋ ਗੁਰਮਤਿ ਦੇ ਬਿਲਕੁਲ ਉਲਟ ਹੈ। ਗੁਰੂ ਘਰ ਦੇ ਸੱਚੇ ਗੁਰਮੁਖਿ ਜਨਾਂ ਦਾ ਵਾਹਿਗੁਰੂ ਦੀ ਸੱਚੀ ਭਗਤੀ ਨਾਲ ਹੀ ਸੱਚਾ ਪ੍ਰੇਮ ਹੁੰਦਾ ਹੈ। ਗੁਰਮੁਖਿ ਜਨ ਇਸੇ ਭਾਉ ਭਗਤੀ ਦੇ ਅੰਦਰ ਹੀ ਭਿੱਜੇ ਰਹਿੰਦੇ ਹਨ। ਉਪਰ ਦੱਸੇ ਭੇਖਧਾਰੀਆਂ ਦੀਆਂ ਰਸਮਾਂ ਵਿਚ ਸੱਚੀ ਭਾਉ ਭਗਤੀ ਤੇ ਉਸ ਵਿਚ ਭਿੱਜਣਾ ਹੈ ਹੀ ਨਹੀਂ।

**ਖਟ ਕਰਮ ਕਿਰਿਆ ਕਰਿ ਬਹੁ ਬਹੁ ਬਿਸਥਾਰ**
**ਸਿਧ ਸਾਧਿਕ ਜੋਗੀਆ ਕਰਿ ਜਟ ਜਟਾ ਜਟ ਜਾਟ ॥**
**ਕਰਿ ਭੇਖ ਨ ਪਾਈਐ ਹਰਿ ਬ੍ਰਹਮ ਜੋਗੁ**
**ਹਰਿ ਪਾਈਐ ਸਤ ਸੰਗਤੀ ਉਪਦੇਸਿ ਗੁਰੂ**
**ਗੁਰ ਸੰਤ ਜਨਾ ਖੋਲਿ ਖੋਲਿ ਕਪਾਟ ॥੧ ॥**
( ॥੨ ॥੪ ॥੧੦ ॥)

**(ਕਾਨੜਾ ਮਹਲਾ ੪, ਪੰਨਾ: ੧੨੯੭)**

ਇਸ ਗੁਰਵਾਕ ਦੀਆਂ ਇਨ੍ਹਾਂ ਪੰਗਤੀਆਂ ਦਵਾਰਾ ਖਟ ਕਰਮੀਆਂ ਸਿਧਾਂ, ਸਾਧਕਾਂ ਤੇ ਜੋਗੀਆਂ ਦੇ ਭੇਖਾਂ ਨੂੰ ਬਣਾ ਕੇ ਖੰਡਨ ਕੀਤਾ ਗਿਆ ਹੈ ਅਤੇ ਗੁਰਮਤਿ ਸਤਸੰਗਤ ਨੂੰ ਸਭ ਤੋਂ ਸ੍ਰੇਸ਼ਟ ਜਣਾਇ ਕੇ ਸਲਾਹਿਆ ਗਿਆ ਹੈ। ਯਥਾ ਵਿਆਖਿਆ-

ਸਿਧ ਸਾਧਕ ਜੋਗੀ ਜਨ ਬਹੁ ਬਹੁ ਵਿਸਥਾਰੀ ਤੇ ਖਟ ਕਰਮਾਰੀ ਕਿਰਿਆ (ਭੇਖ) ਕਰ ਕਰ ਕੇ ਹਾਰ ਥਕੇ ਅਤੇ ਬਨਾਵਟੀ ਜਟਾਂ ਬਣਾ ਬਣਾ ਕੇ ਵੀ ਭੇਖ ਕਰ ਹਟੇ, ਪ੍ਰੰਤੂ ਬਹੁ ਭੇਖ ਕਰ ਕੇ ਵਾਹਿਗੁਰੂ ਹਰੀ ਬ੍ਰਹਮ ਨਹੀਂ ਪਾਇਆ ਜਾ ਸਕਦਾ। ਪਾਇਆ ਜਾ ਸਕਦਾ ਹੈ ਤਾਂ ਗੁਰੂ ਨਾਨਕ ਦੇ ਘਰ ਦੀ ਸਤਸੰਗਤ ਦੁਆਰਾ, ਗੁਰੂ ਤੇ ਗੁਰੂ ਸਰੂਪ ਪੰਜ ਪਿਆਰੇ ਗੁਰਮੁਖਾਂ ਦੁਆਰਾ ਗੁਰ-ਦੀਖਿਆ ਲੈ ਕੇ ਪਾਇਆ ਜਾ ਸਕਦਾ ਹੈ। ਕੇਵਲ ਗੁਰੂ ਘਰ ਵਿਖੇ ਹੀ ਗੁਰੂ-ਦੀਖਿਆ ਗੁਰ-ਮੰਤਰ ਦੀ ਕਮਾਈ ਕਰ ਕੇ ਦਸਮ ਦੁਆਰ ਦੇ ਕਪਾਟ ਖੁਲ੍ਹਦੇ ਹਨ ਅਤੇ ਘਟ ਅੰਦਰ ਹੀ ਪ੍ਰਗਟ ਹੋ ਕੇ ਵਾਹਿਗੁਰੂ ਦਾ ਦਰਸ਼ਨ ਹੁੰਦਾ ਹੈ।

**ਤਟਨ ਖਟਨ ਜਟਨ ਹੋਮਨ ਨਾਹੀ ਡੰਡਧਾਰ ਸੁਆਉ ॥੧ ॥**
**ਜਤਨ ਭਾਂਤਨ ਤਪਨ ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ ॥**
**ਸੋਧਿ ਸਗਰ ਸੋਧਨਾ ਸੁਖੁ ਨਾਨਕਾ ਭਜੁ ਨਾਉ ॥੨ ॥੨ ॥੩੯ ॥**

**(ਕਾਨੜਾ ਮਹਲਾ ੫, ਪੰਨਾ: ੧੩੦੬)**

ਇਸ ਗੁਰਵਾਕ ਦੀਆਂ ਪੰਗਤੀਆਂ ਦੁਆਰਾ ਖਟ ਕਰਮਾਂ ਆਦਿਕ ਭੇਖ ਕਰਿ, ਕੀਤੇ ਆਨਮਤ ਜਤਨ ਉਪਾਵਾਂ ਦਾ ਖੰਡਨ ਸਿਧ ਹੁੰਦਾ ਹੈ। ਗੁਰੂ ਨਾਨਕ ਦੇ ਘਰ ਦੀ ਗੁਰਮਤਿ ਨੂੰ ਸ੍ਰੇਸ਼ਟ ਜਣਾਇਆ ਗਿਆ ਹੈ। ਯਥਾ ਵਿਆਖਿਆ-

ਛੇ ਪ੍ਰਕਾਰ ਦੇ ਆਨਮਤ ਕਰਮਾਂ ਤੀਰਥਾਂ (ਤਟਾਂ) ਦੇ ਭੇਖਧਾਰੀ ਮਨਮਤਿ ਕਰਮ ਕੀਤਿਆਂ, ਜਟਾਵਾਂ ਧਾਰਿਆਂ, ਹੋਮ ਜਗ ਆਦਿਕ ਭੇਖ ਕਰਮ ਕੀਤਿਆਂ, ਜੋਗੀਆਂ ਵਾਂਗ ਡੰਡਾਧਾਰ ਹੋਣਾ, ਇਹ ਸਭ ਭੇਖ ਕਰਮ ਕਿਸੇ ਅਰਥ ਨਹੀਂ ਹਨ। ਸੰਸਾਰੀਆਂ ਨੂੰ ਮਗਰ ਲਾਉਣ ਲਈ ਅਤੇ ਸੰਸਾਰੀਆਂ ਤੋਂ ਇਸ ਬਿਧਿ ਭੇਖ ਕੀਤਿਆਂ ਸੁਆਰਥ ਪੂਰੇ ਕਰਨ ਲਈ ਇਹ ਭੇਖ ਕੀਤੇ ਜਾਂਦੇ ਹਨ।

ਭਾਂਤ ਭਾਂਤ ਦੇ ਜਤਨ ਆਨਮਤ ਸਿਧਾਂਤ ਵਾਲੇ ਸਭ ਐਵੇਂ ਹੀ ਹਨ। ਆਨਮਤ ਤਪਾਂ ਦੇ ਕਰਨ ਲਈ ਭਰਮਦੇ ਫਿਰਨਾ, ਫਿਰ ਅਨਿਕ ਪ੍ਰਕਾਰ ਦੇ ਭੇਖਧਾਰੀ ਕਥਨ ਕਰਦੇ ਫਿਰਨਾ ਇਨ੍ਹਾਂ ਮਨਮਤਿ ਕਰਮਾਂ ਦੁਆਰਾ ਕਦੇ ਵੀ ਪ੍ਰਮਾਰਥ ਦੀ ਥਾਹ ਨਹੀਂ ਪਾਈ ਜਾ ਸਕਦੀ, ਨਾ ਹੀ ਇਹ ਕਰਮ ਕੀਤੇ ਥਾਉਂ ਪੈਂਦੇ ਹਨ। ਗੁਰੂ ਨਾਨਕ ਸਾਹਿਬ ਨੇ ਇਸ ਪ੍ਰਕਾਰ ਦੀਆਂ ਸਗਲ ਸੋਧਨਾ ਸੋਧ ਕੇ ਇਹੀ ਸਿੱਟਾ ਕਢਿਆ ਹੈ ਕਿ ਸੱਚਾ ਪ੍ਰਮਾਰਥੀ ਸੁਖ ਗੁਰਮਤਿ ਨਾਮ ਦਾ ਭਜਨ ਕਰ ਕੇ ਹੀ ਮਿਲਦਾ ਹੈ।

**ਕਰਤ ਕਰਤ ਚਰਚ ਚਰਚ ਚਰਚਰੀ ॥**
**ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ ਧਰਤ ਧਰਚਰੀ ॥੧ ॥ਰਹਾਉ ॥**
**ਹਰਿ ਹਰੇ ਹਰੇ ਭਾਜੁ ਕਹਤੁ ਨਾਨਕੁ ਸੁਨਹੁ ਰੇ ਮੂੜ**
**ਬਿਨੁ ਭਜਨ ਭਜਨ ਭਜਨ ਅਹਿਲਾ ਜਨਮੁ ਗਈ ॥੨ ॥੫ ॥੫੦ ॥੧੨ ॥੬੨ ॥**

**(ਕਾਨੜਾ ਮਹਲਾ ੫, ਪੰਨਾ: ੧੩੦੮)**

ਫੋਕੀਆਂ ਚੰਚਲ ਮਤੀ ਚਰਚਾ ਚਰਚਾਵਾਂ ਕਰਨੀਆਂ ਤੇ ਕਰੀ ਜਾਣੀਆਂ, ਜੈਸੇ ਕਿ ਜੋਗੀ ਜੰਗਮ ਆਦਿਕ ਭੇਖ ਚਰਚਾ ਕਰਦੇ ਜਾਂ ਫਿਰਦੇ ਰਹਿੰਦੇ ਹਨ, ਐਸਾ ਕਰਨ ਨਾਲ ਵਾਹਿਗੁਰੂ ਨਹੀਂ ਮਿਲਦਾ; ਉਹ ਤਾਂ ਗੁਰਮਤਿ ਭਗਤੀ ਦੁਆਰਾ ਮਿਲਦਾ ਹੈ। ਜੋਗ ਸਾਧਨਾ ਸਭ ਬਿਰਥਾ ਹਨ ਅਤੇ ਜੋਗ ਧਿਆਨ ਭੇਖ ਧਾਰ ਕੇ ਚੁੰਚ ਚੁਰਚਾਵੀ ਫੋਕਟ ਗਿਆਨ ਕਰਦੇ ਫਿਰਨਾ ਤੇ ਧਰਤੀ ਉਤੇ ਬਿਹੰਗਮ ਬਣ ਕੇ ਫਿਰਦੇ ਰਹਿਣਾ ਇਹ ਸਭ ਫੋਕਟ ਭੇਖੀ ਕਰਮ ਹਨ, ਇਨ੍ਹਾਂ ਦੇ ਕੀਤਿਆਂ ਸੱਚੀ ਸਿਧੀ ਪ੍ਰਮਾਰਥ ਦੀ ਕਦਾਚਿਤ ਨਹੀਂ ਹੁੰਦੀ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਗੁਰਮਤਿ ਨਾਮ ਗੁਰਮੰਤਰ ਵਾਹਿਗੁਰੂ ਦਾ ਸਵਾਸ ਸਵਾਸ ਭਜਨ ਕਰੀ ਜਾਣਾ ਹੀ ਮੁਖਿ ਸ੍ਰੇਸ਼ਟ ਕਰਮ ਹੈ। ਇਸ ਗੁਰਮਤਿ ਭਜਨ ਕੀਤੇ ਬਿਨਾਂ ਮਨੁਖਾ ਜਨਮ ਅਹਿਲਾ (ਅਕਾਰਥ) ਜਾਂਦਾ ਹੈ।

**ਗੁਨ ਨਾਦ ਧੁਨਿ ਅਨੰਦ ਬੇਦ ॥**
**ਕਥਤ ਸੁਨਤ ਮੁਨਿ ਜਨਾ ਮਿਲਿ ਸੰਤ ਮੰਡਲੀ ॥੧ ॥ਰਹਾਉ ॥** ( ॥੨ ॥੨ ॥੫ ॥)

**(ਕਲਿਆਨ ਮਹਲਾ ੫, ਪੰਨਾ: ੧੩੨੨)**

ਗੁਰੂ ਘਰ ਦੀ ਸੰਤ-ਮੰਡਲੀ ਵਿਚ ਮਿਲ ਕੇ ਗੁਰਮੁਖਿ ਰੂਪੀ ਮੁਨੀ ਜਨ ਕਥਦੇ ਸੁਣਦੇ ਹਨ, ਗੁਰਬਾਣੀ ਰੂਪੀ ਗੁਣਾਂ ਦੇ ਨਾਦ ਧੁਨੀਆਂ ਮਈ, ਅਨੰਦ ਰੂਪੀ ਬੇਦ ਨੂੰ। ਇਸ ਗੁਰ ਪੰਗਤੀ ਅੰਦਰ ਗੁਰਮੁਖਿ ਜਨਾਂ ਦੀਆਂ ਗੁਰਬਾਣੀ ਰੂਪੀ ਨਾਦ-ਧੁਨੀਆਂ ਗਾਵਣੀਆਂ ਹੀ ਸੱਚੇ ਅਨੰਦ ਮਈ ਬੇਦ ਜਣਾਇ ਗਏ ਹਨ। ਹੋਰ ਦੁਤੀਏ ਆਨਮਤੀ ਬੇਦਾਂ ਦਾ ਅਤੇ ਆਨਮਤੀ ਰਿਸ਼ੀਆਂ ਮੁਨੀਆਂ ਦਾ ਇਸ ਪੰਗਤੀ ਅੰਦਰ ਹਰਗਿਜ਼ ਹਰਗਿਜ਼ ਮੰਡਨ ਮਈ ਵਿਧਾਨ ਨਹੀਂ। ਗੁਰਬਾਣੀ ਦੇ ਆਨੰਦ ਮਈ ਮੰਗਲ ਗਾਵਣੇ ਹੀ ਗੁਰਮਤਿ ਦੇ ਸੱਚੇ ਵੇਦ ਜਣਾਏ ਗਏ ਹਨ ਅਤੇ ਗੁਰਬਾਣੀ ਗਾਵਣਹਾਰੇ ਗੁਰਮੁਖਿ ਜਨਾਂ ਨੂੰ ਹੀ ਸਚੜੇ ਮੁਨੀ ਜਨ ਦਰਸਾਇਆ ਗਿਆ ਹੈ। ਗੁਰਮਤਿ ਅੰਦਰ ਆਨਮਤੀ ਪੁਸਤਕਾਂ ਵੇਦਾਂ ਦਾ ਅਤੇ ਆਨਮਤੀ ਮੁਨੀ ਜਨਾਂ ਦਾ ਉੱਕਾ ਹੀ ਮੰਡਨ ਨਹੀਂ, ਸਗੋਂ ਹਰ ਥਾਈਂ ਖੰਡਨ ਹੀ ਖੰਡਨ ਹੈ।

( ... **ਬਾਕੀ ਅਗਲੇ ਅੰਕ 'ਚ**)

# ਮੇਰੇ ਰੰਗੀਲੜੇ ਸਾਜਣ- ਅਕਾਲੀ ਜੀ



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਅਕਾਲੀ ਕੌਰ ਸਿੰਘ ਜੀ ਦੀ ਇਕ ਯਾਦਗਾਰੀ ਤਸਵੀਰ।

*ਇਸ ਪਿਆਰੇ ਸਾਜਨੜੇ ਦੇ ਪਹਿਲੇ ਰੰਗੀਲੇ ਦਰਸ਼ਨ ਮੈਨੂੰ ੧੯੦੭ ਵਿਚ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੇ ਗੁਰਦਵਾਰੇ ਦੇ ਬਾਹਰ ਲਗੇ ਰਹਿਰਾਸ ਸਾਹਿਬ ਦੇ ਦੀਵਾਨ ਵਿਚ ਹੋਏ। ਜਦੋਂ ਮੈਂ ਉਥੇ ਸੁਪਰਡੰਟ ਲਗਾ ਹੋਇਆ ਸੀ। ਰਹਿਰਾਸ ਸਾਹਿਬ ਦੇ ਪਾਠ ਦੀ ਅਰਦਾਸ ਪਿਛੋਂ ਯਕਾ-ਯਕ ਇਕ ਅਨੂਪਮ ਯੁਵਕ ਵਿਅਕਤੀ ਅਕਾਲੀ ਵੇਸ ਵਿਚ ਉੱਠ ਕੇ ਭਾਸ਼ਨ ਦੇਣ ਲੱਗ ਪਿਆ। ਭਾਸ਼ਨ ਦੇ ਆਰੰਭ ’ਤੇ ਹੀ ਇਸ ਵਿਅਕਤੀ ਦੇ ਮੁਖਾਰਬਿੰਦ ਤੋਂ ਜੋ ਕੁਛ ਨਿਕਲਨਾ ਆਰੰਭ ਹੋਇਆ, ਉਹ ਇਕ ਅਜ਼ਗੈਬੀ ਇਬਾਰਤ ਵਿਚ ਸੁੱਤੇ ਸੁਫੁਟ ਰੰਗ ਫੁਲਝੜੀ ਦੀ ਨਿਆਈ ਸੀ। ਇਕ-ਇਕ ਲ਼ਫ਼ਜ਼ ਗੁਰਮਤਿ ਦੇ ਪੂਰਨ ਅੰਦਾਜ਼ ਵਿਚ ਗੁੰਦਿਆ ਹੋਇਆ ਕ੍ਰਿਸ਼ਮਾ ਸੀ। ਸਰੋਤੇ ਜਨ ਸੁਣਨ ਸਾਰ ਹੀ ਚਕ੍ਰਿਤ ਰਹਿ ਗਏ।*

ਇਸ ਪਿਆਰੇ ਸਾਜਨੜੇ ਦੇ ਪਹਿਲੇ ਰੰਗੀਲੇ ਦਰਸ਼ਨ ਮੈਨੂੰ ੧੯੦੭ ਵਿਚ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੇ ਗੁਰਦਵਾਰੇ ਦੇ ਬਾਹਰ ਲਗੇ ਰਹਿਰਾਸ ਸਾਹਿਬ ਦੇ ਦੀਵਾਨ ਵਿਚ ਹੋਏ। ਜਦੋਂ ਮੈਂ ਉਥੇ ਸੁਪਰਡੰਟ ਲਗਾ ਹੋਇਆ ਸੀ। ਰਹਿਰਾਸ ਸਾਹਿਬ ਦੇ ਪਾਠ ਦੀ ਅਰਦਾਸ ਪਿਛੋਂ ਯਕਾ-ਯਕ ਇਕ ਅਨੂਪਮ ਯੁਵਕ ਵਿਅਕਤੀ ਅਕਾਲੀ ਵੇਸ ਵਿਚ ਉੱਠ ਕੇ ਭਾਸ਼ਨ ਦੇਣ ਲੱਗ ਪਿਆ। ਭਾਸ਼ਨ ਦੇ ਆਰੰਭ ’ਤੇ ਹੀ ਇਸ ਵਿਅਕਤੀ ਦੇ ਮੁਖਾਰਬਿੰਦ ਤੋਂ ਜੋ ਕੁਛ ਨਿਕਲਨਾ ਆਰੰਭ ਹੋਇਆ, ਉਹ ਇਕ ਅਜ਼ਗੈਬੀ ਇਬਾਰਤ ਵਿਚ ਸੁੱਤੇ ਸੁਫੁਟ ਰੰਗ ਫੁਲਝੜੀ ਦੀ ਨਿਆਈ ਸੀ। ਇਕ-ਇਕ ਲਫ਼ਜ਼ ਗੁਰਮਤਿ ਦੇ ਪੂਰਨ ਅੰਦਾਜ਼ ਵਿਚ ਗੁੰਦਿਆ ਹੋਇਆ ਕ੍ਰਿਸ਼ਮਾ ਸੀ। ਸਰੋਤੇ ਜਨ ਸੁਣਨ ਸਾਰ ਹੀ ਚਕ੍ਰਿਤ ਰਹਿ ਗਏ।

ਮੇਰੀ ਵੀ ਉਕਤ ਭਾਸ਼ਨ ਵਿਚ ਸਮੁੱਚੀ ਸੁਰਤੀ ਬਿਰਤੀ ਬਿਮੋਹਤ ਹੋ ਗਈ। ਉਸ ਤੋਂ ਪਹਿਲਾਂ ਮੈਨੂੰ ਕਦੇ ਵੀ ਕਿਸੇ ਦਾ ਭਾਸ਼ਨ ਚੰਗਾ ਨਹੀਂ ਲੱਗਾ, ਯਾ ਫਿਰ ਉਠ ਕੇ ਚਲਾ ਜਾਣਾ ਯਾ ਲੈਕਚਰ ਕਰਨਹਾਰੇ ਨੂੰ ਹਟਾ ਦੇਣਾ। ਮੇਰੀ ਜੁਰਤ ਨਾ ਪੈ ਸਕੀ ਕਿ ਮੈਂ ਉਸ ਭਾਸ਼ਨ ਕਰਨ ਵਾਲੇ ਨੂੰ ਹਟਾ ਦੇਵਾਂ ਜਾਂ ਉਠ ਕੇ ਜਾਣ ਦੀ ਹਰਕਤ ਕਰ ਸਕਾਂ। ਜਦੋਂ ਪਰਤ ਕੇ ਉਸ ਦੇ ਚਿਹਰੇ ਵਲ ਤਕਿਆ ਤਾਂ ਹੋਰ ਭੀ ਅਚੰਭਾ ਰਹਿ ਗਿਆ। ਸਮੁੱਚੀ ਦੀ ਸਮੁੱਚੀ ਸੰਗਤ ਹੀ

ਉਸ ਵਲ ਪੇਖ ਪੇਖ ਕੇ ਜਜ਼ਬੁਲ ਮਸਤ ਹੋ ਗਈ। ਉਸ ਦਾ ਗੋਰਾ ਸ਼ੋਹ ਚੇਹਰਾ, ਨਰਗਸੀ ਮਸਤੀਲੀਆਂ ਅੱਖੀਆਂ ਨਿਹੰਗੀ ਸੁੰਦਰੀਲਾ ਵੇਸ ਕਾਲੇ ਕੇਸਾਂ ਦੀ ਲੁਈ ਲੁਈ ਜੇਹੀ ਸੁੰਦਰ ਮੁਖਾਰਬਿੰਦ ਦੇ ਦੁਆਲੇ ਸੁਫੁਟ ਹੋਈ ਸਚਮੁੱਚ ਉਸ ਨੂੰ ਅਰਸ਼ੋਂ ਉਤਰਿਆ ਹੋਇਆ ਵਿਅਕਤੀ ਸਾਬਤ ਕਰ ਰਹੀ ਸੀ। ਇਸੇ ਅੰਦਾਜ਼ ਵਿਚ ਬਗੈਰ ਹਿਸੋ-ਹਰਕਤ ਇਕ ਪੁਤਲੀ ਦੀ ਨਿਆਈ ਪੰਦਰਾਂ ਮਿੰਟ ਬਰਾਬਰ ਉਕਤ ਦਿਬਯ ਵਿਅਕਤੀ ਮੁਖੋਂ ਭਾਸ਼ਨ ਨਿਛਾਵਰ ਕਰਦਾ ਰਿਹਾ, ਅਚਾਨਕ ਹੀ ਸਮਾਪਤ ਕਰਕੇ ਅਚਾਨਕ ਹੀ ਗਾਇਬ ਹੋ ਗਿਆ, ਸਭ ਨੂੰ ਚਕ੍ਰਿਤ ਕਰਕੇ ਚਲਾ ਗਿਆ।

ਸਭਨਾਂ ਦੇ ਮੂੰਹਾਂ ਤੋਂ ਉਸ ਬਾਰੇ ਚਿਹਮੇਂ ਗੋਈਆਂ ਹੋਣ ਲੱਗੀਆਂ। ਭਾਂਤ-ਭਾਂਤ ਦੇ ਰਿਮਾਰਕ ਹੋਣ ਲੱਗ ਪਏ। ਦਰਸ਼ ਪ੍ਰੇਮੀ ਤਾਂ ਸਾਰੇ ਆਖਣ ਇਹ ਕੋਈ, ਗੁਰੂ ਕਾ ਲਾਲ ਨਵੀਨ ਪ੍ਰਗਟ ਹੋਇਆ ਹੈ ਜੋ ਮੂਰਛਤ ਕਰਕੇ ਸਭ ਨੂੰ ਵਿਸਮਾਦ ਕਰਕੇ ਗੈਬੋਂ ਹੀ ਆਇਆ ਅਤੇ ਗੁਪਤੋ ਗੁਪਤ ਹੀ ਚਲਦਾ ਲਗਾ, ਪਰੰਤੂ ਕਾਲਜ ਦੇ ਮਨਚਲੇ ਪੜ੍ਹਾਕੂ ਵਿਦਿਆਰਥੀ ਸਾਰੇ ਹੀ ਆਖਨ ਕਿ ਇਹ ਕੋਈ ਸੀ.ਆਈ. ਡੀ. ਦਾ ਬੰਦਾ ਸੀ, ਲੱਗੇ ਉਸ ਦੀ ਤਲਾਸ਼ ਕਰਨ, ਕਈਆਂ ਨੇ ਤਾਂ ਉਸ ਨੂੰ ਮਾਰਨ ਕੁਟਨ ਦੀ ਹੀ ਠਾਨ ਲਈ ਸੀ। ਮੈਂ ਬਥੇਰਾ ਉਹਨਾਂ ਨੂੰ ਸਮਝਾਇਆ ਕਿ ਐਸਾ ਮਤ ਕਰੋ। ਗੁਰੂ ਕੇ ਗੁਰਮੁਖ ਲਾਲ ਲਈ ਐਸਾ ਚਿਤਵਨਾ ਹੀ ਮਹਾਂ ਪਾਪ ਹੈ।

ਖ਼ੈਰ! ਉਕਤ ਉਡਣ ਪੰਖੇਰੂ ਨਾ ਉਹਨਾਂ ਨੂੰ ਲੱਭਾ, ਨਾ ਹੀ ਦਰਸ ਚਾਹਵਾਨ ਰੂਹਾਂ ਨੂੰ ਮੁੜ ਨਮੂਦਾਰ ਹੋਇਆ। ਚਿਤ ਵਿਚ ਲਾਲਸਾ ਮਈ ਤਾਂਘ ਇਹੀ ਲਗੀ ਰਹੀ ਕਿ ਕਦੇ ਉਸ ਨੂੰ ਫੇਰ ਦੇਖੀਏ ਤੇ ਉਸ ਦੇ ਨਾਲ ਗੋਸ਼ਟ ਕਰੀਏ? ਇਹ ਭੀ ਇਕ ਅਚੰਭਾ ਸੀ ਕਿ ਵਿਅਕਤੀ ਕੌਣ ਹੈ, ਜਿਸ ਪਰ ਇਕ ਦਾਨੇ ਬੀਨੇ ਗੁਰਸਿੱਖ ਨੇ ਦੱਸਿਆ ਕਿ ਇਹ ਅਕਾਲੀ ਕੌਰ ਸਿੰਘ ਹੈ। ਇਸ ਤੋਂ ਵਧ ਉਸ ਪਾਸੋਂ ਹੋਰ ਪਤਾ ਨਾ ਚਲੇ, ਹਿਰਦੇ ਨੂੰ ਵੇਧ ਕੇ ਚਲਿਆ ਤਾਂ ਗਿਆ, ਪਰ ਇਸ ਦੇ ਮਿਲਣ ਦੀ ਇਛਾ ਹਿਰਦੇ ਮੰਦਰ ਵਾਯੂ ਅੰਦਰ ਰਮ ਗਈ। ਕੁਦਰਤ ਐਸੀ ਹੋਈ ਕਿ ਦੂਜੇ ਦਿਨ ਹੀ ਮੈਨੂੰ ਪਟਿਆਲੇ ਜਾਣ ਦਾ ਅਵਸਰ ਹੋਇਆ। ਗੁਰਮੁਖ ਪਿਆਰੇ ਗੁਰਪੁਰ ਨਿਵਾਸੀ ਭਾਈ ਜੋਗਿੰਦਰ ਸਿੰਘ ਦੇ ਡੇਰੇ ਜਾ ਉਤਾਰੇ ਕੀਤੇ। ਅਜੇ ਉਹ ਬਾਹਰੋਂ ਹੀ ਆ ਰਹੇ ਸਨ, ਆਉਂਦਿਆਂ ਹੀ ਉਹਨਾਂ ਨੇ ਜ਼ਿਕਰ ਕੀਤਾ ਕਿ ਅਜ ਇਕ ਨਵੀਨ ਨਿਹੰਗ ਅਕਾਲੀ ਦੇ ਅਦਭੁਤ ਦਰਸ਼ਨ ਹੋਏ। ਮੈਂ ਹੁਣੇ ਹੀ ਨਿਹਾਲ ਹੋ ਕੇ ਆਇਆ ਹਾਂ। ਇਕ ਗੁਰਮੁਖ ਪਿਆਰੇ ਦੇ ਗ੍ਰਿਹਿ ਵਿਖੇ ਉਹਨਾਂ ਦਾ ਉਤਾਰਾ ਹੈ। ਮੈਨੂੰ ਉਦੋਂ ਹੀ ਉਹ ਉਸ ਗ੍ਰਿਹਿ ਵਿਖੇ ਲੈ ਵੰਞੇ। ਇਹ ਦੂਜੀ ਦਰਸ਼ਨ ਝਾਕੀ ਸੀ। ਸਮਝਣ ਦਵਾਰਾ ਹੀ ਨਿਯਾਤੀ ਬਾਤ ਚੀਤ ਹੋਈ। ਮੁਖੋਂ ਕਿਸੇ ਨੇ ਕੁਝ ਨਹੀਂ ਅਲਾਇਆ। ਇਹ ਖ਼ਿਆਲ ਕਰਕੇ ਕਿ ਦੂਜੇ ਦਿਨ ਰੱਜ ਕੇ ਦਰਸ਼ਨ-ਮੇਲੇ ਹੋਣਗੇ। ਅਸੀਂ ਉਥੋਂ ਚਲੇ ਆਏ। ਪਰ ਦੂਜੇ ਦਿਨ ਪਤਾ ਲਗਿਆ ਕਿ ਉਹ ਹਜ਼ੂਰ ਸਾਹਿਬ ਨੂੰ ਚਲੇ ਗਏ ਹਨ। ਹਜ਼ੂਰ ਸਾਹਿਬ ਉਹਨਾਂ ਦੀ ਇਹ ਸ਼ਾਇਦ ਦੂਜੀ ਫੇਰੀ ਸੀ। ਕਾਲੇ ਸੁਰਮਈ ਰੰਗ ਦਾ ਬਾਣਾ ਸੀ, ਪਰ ਸਭ ਤੋਂ ਵਧੀਆ ਰੇਸ਼ਮੀ ਬਣਤਰ ਦਾ। ਸਾਨੂੰ ਉਦੋਂ ਐਸਾ ਪ੍ਰਤੀਤ ਹੋਇਆ ਕਿ ਗ੍ਰਿਹਸਤ ਵਿਚ ਨਿਰਬਾਣ ਜੋਗੀ ਗੁਰੂ ਘਰ ਵਿਚ ਪ੍ਰਗਟ ਹੋਇਆ ਹੈ, ਜਿਸ ਨੂੰ ਲੇਪ ਛੇਪ ਕੋਈ ਨਹੀਂ।

ਤੀਜੀ ਝਾਕੀ ਕਈ ਸਾਲਾਂ ਪਿਛੋਂ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਵਿਚ ਇਸ ਵਿਅਕਤੀ ਦੀ ਹੋਈ, ਪਰ ਚਿਹਰਾ ਬੜਾ ਉਤਾਰੂ ਸੀ, ਰੂਪ ਰੰਗ ਵੀ ਅੱਗੇ ਵਾਂਗ ਨਹੀਂ ਸੀ। ਚਿਹਰੇ ਉੱਤੇ ਉਦਾਸੀਨਤਾ ਛਾਈ ਸੀ। ਵਾਕਫ਼ਕਾਰਾਂ ਪਾਸੋਂ ਪੁੱਛਣ 'ਤੇ ਪਤਾ ਲਗਾ ਕਿ ਇਹਨਾਂ ਉਪਰ ਕਿਸੇ ਦੋਖੀ ਨੇ ਅਣਹੋਈ ਊਜ ਲਾਈ। ਇਸ ਕਰਕੇ ਇਹ ਗਮਗ਼ੀਨ ਹਨ। ਬਸ ਇਨਾ ਸੁਣ, ਫ਼ਤੇ ਗਜਾ ਕੇ ਮੈਂ ਇਹਨਾਂ ਪਾਸੋਂ ਵਿਦਾ ਹੋਇਆ।

ਤਦ ਪਸਚਾਤ ਫੇਰ ਬਹੁਤ ਚਿਰੋਕਣੇ ਦਰਸ਼ਨ ਹੋਏ। ਸੰਨ ੧੯੩੦ ਵਿਚ ਮੈਂ ਨਾਗਪੁਰ ਜੇਲ੍ਹ ਵਿਚੋਂ ਰਿਹਾ ਹੋ ਕੇ ਲਾਹੌਰ ਆ ਰਿਹਾ ਸੀ ਕਿ ਅਟਾਰਸੀ ਸਟੇਸ਼ਨ 'ਤੇ ਜਦੋਂ ਮੈਂ ਹਦਵਾਨੇ ਖ਼ਰੀਦਣ ਲਈ ਪਲੇਟਫਾਰਮ 'ਤੇ ਉਤਰਿਆ ਤਾਂ ਮੈਨੂੰ ਉਦੋਂ ਹੀ ਪਤਾ ਲਗਾ ਕਿ ਮੈਨੂੰ ਘੁਟ ਕੇ ਜੱਫੀ ਪਈ ਹੋਈ ਹੈ। ਬੜੀ ਪਿਆਰਾਂ, ਮਲ੍ਹਾਰਾਂ ਭਰੀ ਜੱਫੀ ਸੀ। ਜਦੋਂ ਜੱਫੀ ਪਾਵਨਹਾਰੇ ਗੁਰਮੁਖ ਜਨ ਵਲ ਵੇਖਿਆ ਤਾਂ ਇਕ ਚਿੱਟੇ ਦਾੜ੍ਹੇ ਵਾਲਾ ਗੁਰਮੁਖ ਅਕਾਲੀ ਬਾਣੇ ਵਿਚ ਮੈਨੂੰ ਐਸੀ ਚਿਮੜਨੀ ਚਿਮੜਿਆ ਹੋਇਆ ਸੀ ਕਿ ਛੱਡੇ ਨਾ, ਮੈਂ ਆਖਿਆ ਬੋਲੋ ਤਾਂ ਸਹੀ? ਬੋਲੇ ਤਾਂ ਝਟ ਪਛਾਣ ਆ ਗਈ ਕਿ ਇਹ ਅਕਾਲੀ ਕੌਰ ਸਿੰਘ ਹਨ, ਜਿਨ੍ਹਾਂ ਸਾਲਾਂਬਧੀ ਮਿਲਣ ਦੀ ਤਾਂਘ ਲਾਈ ਰੱਖੀ ਸੀ, ਬਸ ਫੇਰ ਕੀ ਸੀ ਘਿਓ ਖਿੱਚੜੀ ਹੋ ਗਏ (ਇਨ੍ਹਾਂ ਦੀ ਵਾਰਤਾ ਜੇਲ੍ਹ-ਚਿੱਠੀਆਂ ਵਿਚ ਲਿਖੀ ਹੋਈ ਹੈ) ਅਸੀਂ ਛੁਟ ਕੇ ਜਦੋਂ ਘਰ ਆ ਗਏ। ਕੁਝ ਅਰਸੇ ਬਾਅਦ ਚਕਾਰ (ਕਸ਼ਮੀਰ) ਤੋਂ ਇਕ ਸੱਦ ਆਈ ਕਿ ਆਓ ਕਸ਼ਮੀਰ ਫੇਰੀ ਪਾਓ। ਸੱਦਾ-ਪੱਤਰ ਦੇ ਉਪਰ ਇਕ-ਤੁਕੀ ਗੁਰਵਾਕ ਇਹ ਅੰਕਿਤ ਸੀ:

**"ਆਇ ਬਸਹੁ ਘਰ ਦੇਸ ਮਹਿ ਇਹ ਭਲੇ ਸੰਜੋਗ॥"**

ਗਲ ਕੀ ਪਹਿਲੀ ਫੇਰੀ ਮੇਰੀ ਕਸ਼ਮੀਰ ਵਿਖੇ ਇਸ ਪ੍ਰੇਮ ਪਿਆਰੇ ਅਕਾਲੀ ਕੌਰ ਸਿੰਘ ਦੇ ਤੁਫੈਲ-ਪਈ, ਜਿਸ ਹਾਵ ਭਾਵ ਨਾਲ ਸਾਨੂੰ ਬੁਲਾਇਆ, ਜਿਸ ਪ੍ਰੇਮ ਪਿਆਰ ਨਾਲ ਮਹੀਨਾ ਭਰ ਆਪਣੇ ਪਾਸ ਚਕਾਰ ਵਿਚ ਹੀ ਸਾਨੂੰ (ਜਥੇ ਨੂੰ) ਰੱਖਿਆ, ਉਹ ਅਕੱਥਨੀਯ ਹੈ।

ਉਸ ਚਕਾਰ ਆਸ਼ਰਮ ਦੀ ਸਿਖ਼ਰਲੀ ਗੈਲਰੀ ਵਿਚ ਬਿਠਾ ਕੇ ਦਾਸ ਪਾਸੋਂ ਸਤਿਗੁਰੂ ਨੇ 'ਅਨਹਦ ਸ਼ਬਦ ਦਸਮ ਦੁਆਰ' ਨਾਮੇ ਪੁਸਤਕ ਲਿਖਣ ਦੀ ਸੇਵਾ ਲਈ। ਆਪਣਾ ਰਚਿਤ ਗੁਰਬਾਣੀ ਦਾ ਇੰਡੈਕਸ ਉਹਨਾਂ ਨੇ ਉਥੇ ਹੀ ਮੈਨੂੰ ਅਦਾ ਕੀਤਾ। ਚਕਾਰ ਆਸ਼੍ਰਮ ਦੀ ਟੀਸੀ 'ਤੇ ਰਾਤ ਦਿਨੇ ਉਹ ਆਤਮ ਰੰਗ ਮਾਣਿਆ ਜੋ ਵਰਨਣ ਨਹੀਂ ਕੀਤਾ ਜਾ ਸਕਦਾ। ਚਾਰ-ਚੁਫ਼ੇਰੇ ਕੁਦਰਤ ਦੇ ਅਦਭੁਤ ਨਜ਼ਾਰੇ ਗਿਰਦੋ-ਨਿਵਾਹ ਦੀਆਂ ਪਹਾੜੀਆਂ ਦੀਆਂ ਚੋਟੀਆਂ 'ਤੇ ਦਿਲ ਖਿੱਚਵੇਂ ਦ੍ਰਿਸ਼, ਠੰਢੀਆਂ-ਮਿੱਠੀਆਂ ਪੌਣਾਂ ਦੇ ਵੇਗ ਹੁਲਾਰੇ ਅਭਿਆਸ ਲਿਵਤਾਰਨੀ ਸੁਰਤੀ ਨੂੰ ਉਡਾਈ ਲਈ ਜਾਂਦੇ ਸਨ।

'ਅਨਹਦ ਸ਼ਬਦ ਦਸਮ ਦੁਆਰ' ਨਾਮੇ ਪੁਸਤਕ ਲਿਖਣ ਦਾ ਇਹ ਬੜਾ ਹੀ ਭਲਾ ਸਮਾਂ ਸੁਆਓ ਅਉਸਰ ਜੁੜਿਆ। ਅਭਿਆਸ ਵਿਚ ਜੁਟੇ ਰਹਿਣਾ, ਆਬਸ਼ਾਰਾਂ ਦੀਆਂ ਅਨੂਪਮ ਗੰਮਕ ਗੂੰਜਾਰਾਂ ਸੁਰਤੀ ਜੋੜਨ ਵਿਚ ਬੜੀ ਸਹਾਇਤਾ ਦਿੰਦੀਆਂ ਸਨ। ਇਹਨਾਂ ਸਭ ਪ੍ਰਮਾਰਥੀ ਗੂੰਜਾਓ ਦੀਆਂ ਬਰਕਤਾਂ ਨੂੰ ਮਾਣਿ ਮਾਣਿ ਸ੍ਰੀ ਅਕਾਲੀ ਕੌਰ ਸਿੰਘ ਜੀ ਨੂੰ ਓਦੋਂ ਵੀ ਆਪ-ਮੁਹਾਰੀਆਂ ਅਸੀਸਾਂ ਅੰਦਰੋਂ ਨਿਕਲਦੀਆਂ ਸਨ, ਤੇ ਹੁਣ ਵੀ ਉਹ ਅਨੰਦ ਸਮੇਂ ਯਾਦ ਕਰ ਕਰ ਉਹਨਾਂ ਨੂੰ ਹੀ ਅਸੀਸਾਂ ਦੇਈ ਦੀਆਂ ਹਨ। ਫੇਰ ਉਦਾਰਤਾ ਪ੍ਰਾਇਣ ਹੋਏ ਸ੍ਰੀ ਅਕਾਲੀ ਜੀ ਨੇ ਸਾਨੂੰ 'ਕਲਿਆਨ ਸਰ' ਦੀ ਦਰਸ਼ਨ ਯਾਤਰਾ ਕਰਵਾਈ ਜੋ ਚਕਾਰ ਤੋਂ ਸਤ ਅਠ ਮੀਲ ਦੇ ਫ਼ਾਸਲੇ 'ਤੇ ਸੀ। ਲਗਪਗ ਬਰਾਬਰ ਦੀ ਪੱਧਰ 'ਤੇ ਇਹ ਰਮਣੀਕ ਅਸਥਾਨ ਵਾਕਿਆ ਸੀ ਪਰ ਪੁੱਜ ਕੇ ਰਮਣੀਕ, ਉਥੋਂ ਮੁੜਨ ਨੂੰ ਜੀਅ ਨਾ ਕਰੇ। ਅਸਾਡੀ ਰੁਚੀ ਦੇਖ ਕੇ ਸ੍ਰੀ ਅਕਾਲੀ ਜੀ ਨੇ ਉੱਥੇ ਹੀ ਸਾਡੇ ਬਿਸਰਾਮ ਲਈ ਤੰਬੂ ਕਨਾਤਾਂ ਮੰਗਵਾਈਆਂ ਤੇ ਲਵਾਣੀਆਂ ਮਿੱਥ ਲਈਆਂ। ਬੜੇ ਹੀ ਖਹਿੜੇ ਪੈ ਗਏ, ਪਰ ਅਸਾਂ ਤੋਂ ਇਤਨੀਆਂ ਖੇਚਲਾਂ ਉਹਨਾਂ ਨੂੰ ਦੇਣੀਆਂ ਕਦੋਂ ਝਲੀਆਂ ਜਾਂਦੀਆਂ ਸਨ। ਅਕਾਲੀ ਜੀ ਨੇ

ਅੱਗੇ ਹੀ ਅਸਾਡੀ ਖ਼ਾਤਰ ਬਥੇਰੀਆਂ ਘਾਲਾਂ ਘਾਲੀਆਂ ਸਨ, ਅਧਿਕ ਝਾਲਾਂ ਹੁਣ ਕੌਣ ਝਲੇ? ਅਸਾਂ ਮਸਾਂ ਮਸਾਂ ਪੈਰੀਂ ਪੈ ਪੈ ਮਨਾਏ ਅਤੇ ਉਹਨਾਂ ਨੂੰ ਮੋੜਨ ਵਿਚ ਇਹ ਕਹਿ ਕੇ ਕਿ ਇਕ ਰਾਤ ਔਖੇ ਸੌਖੇ ਇਥੇ ਕੱਟ ਕੇ ਚਕਾਰ ਨੂੰ ਮੁੜ ਆਵਾਂਗੇ, ਵਾਪਸ ਤੋਰਿਆ।

'ਕਲਿਆਨ ਸਰ' ਦਾ ਸੋਮਾ ਇਕ ਵੱਡਾ ਜ਼ਮੀਨ ਅੰਦੋਜ਼ ਸਫੁਟ ਹੁੰਦਾ ਸੀ। ਇਹ ਜਲ ਧਾਰਾ ਹਰ ਮੌਸਮ ਵਿਖੇ ਅੱਠੇ ਪਹਿਰ ਮੋਟੇ ਪੱਟ ਜਿੱਡੀ ਮੋਟੀ ਵਹਿੰਦੀ ਰਹਿੰਦੀ ਸੀ। ਪਾਸ ਹੀ ਕੱਚੀਆਂ ਦੀਵਾਰਾਂ ਦਾ ਇਕ ਛੋਟਾ ਜਿਹਾ ਗੁਰਦਵਾਰਾ ਸੀ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਸਨ। ਸਾਰੀ ਧਰਤੀ ਸਿਲਾਬੀ ਹੋਈ ਗਿਜ ਮਿਜ ਕਰਦੀ ਸੀ। ਉਥੇ ਦਿਨੇ ਵੀ ਕੋਈ ਭੂਮ ਆਸਨ ਨਹੀਂ ਸੀ ਸੌਂ ਸਕਦਾ। ਰਾਤ ਨੂੰ ਕਿਸੇ ਨੇ ਕੀ ਰਹਿ ਸਕਣਾ ਸੀ।

ਰਹਿਰਾਸ ਸਾਹਿਬ ਦਾ ਪਾਠ ਕਰਕੇ ਤੇ ਗੁਰਵਾਕ ਲੈ ਕੇ ਦਿਨ ਛਿਪਣ ਸਾਰ ਹੀ ਸਾਨੂੰ ਕਿਸੇ ਕੋਠੇ ਦਾ ਆਸਰਾ ਤਕਣਾ ਪਿਆ। ਰੈਣ ਬਸੇਰਾ ਦਾ ਗੁਜ਼ਾਰਾ ਕਰਨ ਲਈ ਫਰਲਾਂਗ ਭਰ ਤੇ ਇਕ ਕੋਠਾ ਪਸੰਦ ਆਇਆ, ਚਾਹੇ ਡਿਗਾ ਢੱਠਾ ਹੀ ਸੀ, ਹੈ ਸੀ ਬੜਾ ਇਕਾਂਤ। ਉਸ ਨੂੰ ਸੰਬਰ ਸੂਹਰ ਕੇ ਸੰਵਾਰ ਲਿਆ, ਰਾਤ ਕੱਟਣ ਲਈ ਅਤੇ ਭੁੰਜੇ ਹੀ ਵਿਛਾਈ ਕਰਨ ਲੱਗੇ, ਭੁੱਖ ਸਾਰਿਆਂ ਨੂੰ ਲੱਗੀ ਹੋਈ ਸੀ, ਸਭਨਾਂ ਦੀਆਂ ਆਂਦਰਾਂ ਕਲਹਵਲਾ ਪੜ੍ਹਨ, ਉਹੜ ਪੋਹੜ ਕਰਕੇ ਅਤੇ ਉੱਦਮ ਕਰਕੇ ਰੁੱਖੇ ਸੁਕੇ ਗੱਫੇ ਸਜਾਏ, ਛੱਕ ਕੇ ਉਹ ਅਨੰਦ ਆਇਆ ਕਿ ਕਦੇ ਨਾਨ੍ਹਾ ਪ੍ਰਕਾਰ ਦੇ ਬਿੰਜਨ ਭੋਜਨ ਛੱਕ ਕੇ ਵੀ ਨਹੀਂ ਆਇਆ ਹੋਣਾ।

**"ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥੨॥੩॥੪੨॥"**

**(ਕਾਨੜਾ ਮ: ੫, ਅੰਗ: ੧੩੦੬)**

ਵਾਲੀ ਵਰਤੋਂ ਪ੍ਰਤੱਖ ਵਰਤੀ। ਅੰਮ੍ਰਿਤ ਵੇਲੇ ਵੱਡੇ ਤੜਕੇ ਉਠ ਕੇ 'ਕਲਿਆਨ ਸਰ' ਦੀ ਜਲ-ਧਾਰਾ ਹੇਠਾਂ ਇਸ਼ਨਾਨ ਕੀਤਾ। ਜਲ ਇਤਨਾ ਠੰਡਾ ਸੀ ਕਿ ਮਸਾਂ ਅੱਧਾ ਮਿੰਟ ਹੀ ਹੇਠਾਂ ਬਹਿ ਸਕੀਦਾ ਸੀ, ਅਤਿ ਮੋਟੀ ਜਲ-ਧਾਰਾ ਸਹਾਰੀ ਨਹੀਂ ਜਾ ਸਕਦੀ। ਪਾਸ ਹੀ ਛੋਟੀ ਜਿਹੀ ਟੈਂਕੀ ਸੀ, ਜਿਹਦੇ ਵਿਚੋਂ ਜਲ ਫੁਹਾਰੇ ਮਾਰ ਕੇ ਨਿਕਲਦਾ ਸੀ ਪਰ ਉਸ ਟੈਂਕੀ ਦੀ ਗਹਿਰਾਈ ਦੀ ਥਾਹ ਕੁਛ ਨਹੀਂ ਸੀ, ਜਿਸ ਕਰਕੇ ਉਸ ਵਿਚ ਵੜਨ ਦਾ ਹੀਆ ਕੋਈ ਨਹੀਂ ਸੀ ਕਰਦਾ।

ਅਕਾਲੀ ਕੌਰ ਸਿੰਘ ਜੀ ਦਸਦੇ ਸਨ ਕਿ ਇਥੇ ਕਿਸੇ ਸਮੇਂ ਗੁਰੂ ਸਾਹਿਬ ਦੇ ਚਰਨ ਪਏ ਸਨ। ਇਸ ਸੰਬੰਧੀ ਉਹਨਾਂ ਸਾਨੂੰ ਬੜੀ ਲੰਮੀ-ਚੌੜੀ ਇਤਿਹਾਸਕ ਵਾਰਤਾ ਸੁਣਾਈ, ਜੋ ਕਿਸੇ ਇਤਿਹਾਸ ਵਿਚ ਲਿਖਤਕਾਰ ਨਹੀਂ ਹੋਈ। ਖੈਰ ਪੁਰਾਣੇ ਬਜ਼ੁਰਗਾਂ ਦੇ ਸੀਨੇ-ਬਸੀਨੇ ਚਲੀ ਆਵਨ ਕਰਕੇ ਇਹ ਇਤਿਹਾਸਕ ਕਥਾ ਇਤਿਹਾਸ ਨਾਲੋਂ ਵੀ ਅਧਿਕ ਮੰਨਣਯੋਗ ਸੀ। ਇਸ਼ਨਾਨ ਕਰਕੇ ਨਾਮ ਅਭਿਆਸ ਵਿਚ ਸਾਵਧਾਨ ਹੁੰਦੇ ਹੋਏ ਨਿਤਨੇਮ ਬਾਣੀ ਦਾ ਪਾਠ ਕਰਕੇ ਸਵੇਰ ਸਾਰ ਹੀ ਅਸੀਂ ਵਾਪਸ ਚਕਾਰ ਤੁਰ ਪਏ। ਰਸਤਾ ਤਾਂ ਬੜਾ ਬਿਖੜਾ ਸੀ ਪਰ ਚਾਰੋਂ ਓਰ ਨਜ਼ਾਰਾ ਬੜਾ ਦਿਲਚਸਪ ਸੀ। ਠਉਰ ਠਉਰ ਤੇ ਭਜਨ ਕਰਨ ਨੂੰ ਚਿਤ ਕਰੇ। ਮਸਾਂ ਤੀਜੇ ਪਹਿਰ ਤਾਈਂ ਮੁੜ ਚਕਾਰ ਪਹੁੰਚੇ। ਅਕਾਲੀ ਕੌਰ ਸਿੰਘ ਜੀ ਨੇ ਸਾਡੇ ਲਈ ਖੱਚਰਾਂ ਭੀ ਸਵਾਰੀ ਨਮਿਤ ਨਾਲ ਲੈ ਦਿੱਤੀਆਂ ਸਨ। ਜਿਸ ਕਰਕੇ ਰਾਹ ਬਹੁਤਾ ਬਿਖੜਾ ਨਾ ਪ੍ਰਤੀਤ ਹੋਇਆ, ਨਾ ਹੀ ਇਹ ਕਾਰਨ ਸੀ ਅਟਕਾਰ ਦਾ, ਅਟਕਾਰ ਤਾਂ ਨਜ਼ਾਰਿਆਂ ਦੀ ਭਰਮਾਰ ਨੇ ਪਾਈ। ਥਾਉਂ ਥਾਈਂ ਬੈਠ ਕੇ ਭਜਨ ਅਨੰਦ ਮਾਨਣ ਨੂੰ ਖੱਚਰਾਂ ਤੋਂ ਉਤਰਨਾ ਪੈਂਦਾ ਸੀ ਅਤੇ ਮਖਮਲੀ ਘਾਹ 'ਤੇ ਲੇਟ ਕੇ ਵਾਓ ਭਖਣ ਨੂੰ ਉਮਾਹੇ ਉਠਦੇ ਸਨ।

**"ਨਾਨਕ ਬੈਠਾ ਭਖੇ ਵਾਉ ਲੰਮੇ ਸੇਵਹਿ ਦਰੁ ਖੜਾ ॥੨॥ (ਮ: ੫, ਅੰਗ: ੧੦੯੫ )**

ਵਾਲੀ ਵਿਉਂਤ ਬਝ ਰਹੀ ਸੀ, ਓਥੇ ਤਾਂ ਖੜ੍ਹੇ ਹੋ ਕੇ, ਲੰਮੇ ਪੈ ਕੇ, ਬਹਿ ਕੇ ਨਾਮ ਦਾ ਖੰਡਾ ਖੜਕਾਈ ਜਾਣ ਨੂੰ ਉਠਾਓ ਉਠਦੇ ਸਨ। ਓੜਕ ਅਤਿ ਸੁਹਾਵਣੀ ਜਾਈ 'ਤੇ ਬੈਠ ਕੇ ਮੈਥੋਂ ਤਾਂ ਫਿਰ ਉਠਿਆ ਨਾ ਗਿਆ। ਮਗਨ ਅਨੰਦ ਬੈਠੇ ਨੂੰ ਸਭੇ ਸਾਥੀ ਛੱਡ ਗਏ। ਇਕ ਪਿਆਰਾ ਡਾਕਟਰ ਬਸੰਤ ਸਿੰਘ ਸਾਡੇ ਪਾਸ ਹੀ ਡੱਟ ਗਿਆ। ਉਹ ਸਾਵਣ ਹਾਰੇ ਸਾਥ ਨੇ ਚਕਾਰ ਪੁੱਜ ਕੇ ਬਿਬੇਕ ਸਰਬ ਲੋਹ ਦੇ ਪ੍ਰਸ਼ਾਦੇ ਸਜਾਏ। ਛੱਕ ਛਕਾ ਕੇ ਸਾਨੂੰ ਭੀ ਗੱਫੇ ਭੇਜ ਦਿੱਤੇ। ਓਥੇ ਹੀ ਜਿਥੇ ਸਾਨੂੰ ਛੱਡ ਗਏ ਸਨ। ਇਕ ਪਰਉਪਕਾਰੀ ਸੱਜਣ ਭਾਈ ਨਰੈਣ ਸਿੰਘ ਨਾਮੇ ਗੱਫੇ ਲੈ ਕੇ ਸਾਡੇ ਪਾਸ ਪੁੱਜ ਗਏ ਅਤੇ ਸਾਨੂੰ ਆ ਕੇ ਟੁੰਬ ਉਠਾਇਆ। ਜਦੋਂ ਇਸ ਪ੍ਰੇਮ ਛਾਂਦਿਆਂ ਦੀ ਵਾਰਤਾ ਆ ਕੇ ਅਕਾਲੀ ਜੀ ਨੂੰ ਸੁਣਾਈ ਤਾਂ ਉਹ ਬੜੇ ਹੀ ਪ੍ਰਸੰਨ ਹੋਏ। ਇਹ ਰੈਣ ਸਬਾਈ ਦਾ ਸਾਰਾ ਸਮਾਚਾਰ ਸੁਣ ਕੇ ਉਹ ਗਦਗਦ ਹੋ ਗਏ। ਸਾਡਾ ਰੋਮ ਰੋਮ ਹੀ ਅਕਾਲੀ ਜੀ ਨੂੰ ਅਸੀਸਾਂ ਦੇਵੇ। ਜਿਨ੍ਹਾਂ ਦੀ ਤੁਫੈਲ ਅਸਾਂ ਇਹ ਅਨੰਦ ਮਾਣਿਆ। ਉਘੇ ਹੋ ਕੇ ਤਾਂ ਅਸੀਂ ਧੰਨਵਾਦ ਦੀ ਅਵਾਜ਼ ਨਾ ਕੱਢ ਸਕਦੇ ਸੀ, ਕਿਉਂਕਿ ਇਸ ਨੂੰ ਸੁਣ ਕੇ ਅਕਾਲੀ ਜੀ ਨਰਾਜ਼ ਹੁੰਦੇ ਸਨ। ਆਪਣੀ ਤਾਰੀਫ਼ ਆਪਣੇ ਕੰਨੀਂ ਸੁਣਨੀ ਉਹਨਾਂ ਲਈ ਅਤੀ ਦੁਖਦਾਈ ਸੀ।

ਅਕਾਲੀ ਕੌਰ ਸਿੰਘ ਜੀ ਨੇ ਅਸਾਡੀ ਯਾਤਰਾ ਗਮਨੀ ਰੁਚੀ ਬੁਝ ਬੁਝਾਰ ਕੇ ਫੇਰ ਸਾਨੂੰ ਉਭਾਰਿਆ ਕਿ ਚਲੋ! ਕਸ਼ਮੀਰ ਦੇ ਹੋਰ ਗੁਰਦਵਾਰਿਆਂ ਦੀ ਯਾਤਰਾ ਕਰਵਾਈਵੇ। ਖ਼ਾਸ ਕਰ ਜਿਥੇ ਜਿਥੇ ਗੁਰੂ ਸਾਹਿਬ ਨੇ ਚਰਨ ਪਾਏ ਸਨ। ਉਥੇ ਉਥੇ ਲੈ ਕੇ ਸਾਨੂੰ ਉਹ ਜ਼ਰੂਰ ਪੁੱਜੇ। ਇਹਨਾਂ ਗੁਰਦਵਾਰਿਆਂ ਦੀ ਯਾਤਰਾ ਸਬੰਧੀ ਵਿਰਤਾਂਤ ਵਰਨਣ ਕਰਨ ਹਿਤ ਇਕ ਬੜੀ ਜ਼ਖੀਮ ਪੁਸਤਕ ਬਣਦੀ ਹੈ, ਸੋ ਅਸੀਂ ਸੰਖੇਪ ਮਾਤਰ ਹੀ ਅਕਾਲੀ ਜੀ ਦਾ ਇਹ ਉਪਕਾਰ ਵਰਨਣ ਕਰਦੇ ਹਾਂ। ਚਕੋਠੀ, ਉੜੀ ਆਦਿਕ ਅਸਥਾਨਾਂ ਦੀ ਯਾਤਰਾ ਕਰਵਾਉਂਦੇ ਹੋਏ ਅਕਾਲੀ ਜੀ ਸਾਨੂੰ ਬਾਰਾਂਮੂਲੇ ਲੈ ਗਏ। ਆਹ! ਜੇਹਲਮ ਦੇ ਕਿਨਾਰੇ ਇਹ ਗੁਰਦਵਾਰਾ ਛੇਵੀਂ ਪਾਤਸ਼ਾਹੀ ਦਾ ਸਜਿਆ ਹੋਇਆ ਹੈ। ਮੰਜੀ ਸਾਹਿਬ, ਮੰਜੀ ਅਸਥਾਨ ਦੀ ਪਵਿੱਤਰ ਧੂੜੀ ਬਾਂਛ ਕੇ ਇਸ ਸਬੰਧੀ ਬਣੇ ਦਰਬਾਰ ਦਿਖਾਏ। ਹੋਰ ਸੰਗਤ ਲਈ ਵੱਖਰਾ ਉਤਾਰਾ ਦੇ ਦਿੱਤਾ। ਦਾਸ ਲਈ ਦਰਿਆ ਵਿਚਕਾਰ ਇਕ ਲੱਕੜੀ ਦਾ ਬਣਿਆ ਹੋਇਆ ਭਜਨ ਬੁੰਗਾ ਅਰਪਨ ਕਰਵਾ ਦਿੱਤਾ। ਜੋ ਕਦੇ ਸੰਤ ਅਤਰ ਸਿੰਘ ਜੀ ਦੇ ਨਮਿਤ ਬਣਾਇਆ ਗਿਆ ਸੀ। ਉਥੇ ਸਾਡਾ ਸੰਕਲਪ ਕੁਛ ਦਿਨ ਠਹਿਰਨ ਦਾ ਬਣ ਗਿਆ। ਕਈ ਉਘੇ ਸਿੰਘ ਸਰਦਾਰਾਂ ਦੇ ਦਰਸ਼ਨ ਮੇਲੇ ਅਕਾਲੀ ਜੀ ਨੇ ਕਰਵਾਏ। ਨਿਤਾ ਪ੍ਰਤੀ ਮੰਜੀ ਸਾਹਿਬ ਜੀ ਦੀ ਹਜ਼ੂਰੀ ਦਾ ਅਨੰਦ ਮਾਣਦੇ ਰਹੇ। ਸ਼ਬਦ ਭੇਟਾ ਕਰ ਕਰ ਅਦੁੱਤੀ ਅਨੰਦ ਆਵੇ। ਫਿਰ ਉਥੋਂ ਅਕਾਲੀ ਕੌਰ ਸਿੰਘ ਜੀ ਸ੍ਰੀਨਗਰ ਲੈ ਗਏ। ਛੇਵੀਂ ਪਾਤਸ਼ਾਹੀ ਜੀ ਦੇ ਗੁਰਦਵਾਰੇ ਦੀ ਯਾਤਰਾ ਕਰਵਾਈ ਅਤੇ ਫਿਰ ਅਮੀਰਾਂ ਕਦਲ ਗੁਰਦਵਾਰੇ ਦੀ ਆਲੀਸ਼ਾਨ ਇਮਾਰਤ ਦਿਖਾਈ। ਅਕਸਰ ਸੰਗਤ, ਆਏ ਗਏ ਮੁਸਾਫਰ ਉਥੇ ਹੀ ਠਹਿਰਦੇ ਸਨ। ਸਾਡਾ ਜੀਉ ਉਸ ਠਾਠ ਬਾਠ ਇਕੱਠ ਵਿਚ ਠਹਿਰਨ ਨੂੰ ਨਾ ਕਰੇ। ਅਕਾਲੀ ਜੀ ਅੱਗੇ ਹੀ ਅਸਾਡੇ ਦਿਲ ਦੀ ਬੁਝ ਗਏ ਸਨ। ਉਹਨਾਂ ਨੇ ਅਸਾਡੀ ਰਿਹਾਇਸ਼ ਦਾ ਪ੍ਰਬੰਧ ਅਤਿ ਪਰੇਮੀ ਘਰਾਣੇ ਵਿਚ ਪਹਿਲਾਂ ਹੀ ਠਾਣ ਛੱਡਿਆ ਸੀ, ਉਹਨਾਂ ਦੀ ਪਰਉਪਕਾਰੀ ਉਦਾਰਤਾ ਦੇ ਤੁਫੈਲ ਸਾਨੂੰ ਉਥੇ ਇਕ ਚਮਤਕਾਰੀ ਦਰਸ਼ਨ ਮੇਲੇ ਹੋਏ, ਗੁਰਸਿੱਖ ਪਰਵਾਰ ਦੇ ਇਸ ਚਮਤਕਾਰੀ ਦਰਸ਼ਨਾਂ ਦਾ ਮੋਘਾ ਖੁਲ੍ਹਣ ਦਾ ਪੂਰਬ ਅੰਕਰੀ ਸਮਾਂ ਠੀਕ ਆ ਗਿਆ ਹੋਇਆ ਸੀ ਅਤੇ ਖੁਲ੍ਹਣਾ ਇਸ ਸਮੇਂ ਹੀ ਪੂਰਬ ਕਰੰਮੀ ਲਿਖਤ ਵਿਚ ਲਿਖਿਆ ਸੀ, ਇਸ ਪਰਉਪਕਾਰੀ ਅਕਾਲੀ ਬੀਰ

ਸ੍ਰੀਮਾਨ ਅਕਾਲੀ ਕੌਰ ਸਿੰਘ ਜੀ ਦੀ ਬਰਕਤ ਫੇਜ਼ ਰਾਹੀਂ ਏਥੋਂ ਇਕ ਨਵਾਂ ਚਿੱਠਾ ਚਲਦਾ ਹੈ। ਜਿਸ ਨੂੰ ਏਥੇ ਹੀ ਠੱਪਿਆ ਜਾਂਦਾ ਹੈ ਨਹੀਂ ਤਾਂ ਬੜਾ ਵਿਸਥਾਰ ਵੱਧ ਜਾਏਗਾ ਇਸ ਲੇਖ ਦਾ। ਇਸ ਚਮਤਕਾਰੀ ਮਿਲਾਓ ਦਾ ਬਣਾਓ ਕੌਤਕ ਪੂਰਬਲੇ ਲਿਖਤਕਾਰ ਦੇ ਸਨ, ਜੋ ਐਨ ਸਮੇਂ ਦੀ ਚਾਦਰ ਨੇ ਐਸਾ ਲਪੇਟਿਆ ਕਿ ਮੁੜ ਸੰਜੋਗ ਜੋੜਨ ਦੀ ਸਾਡੀ ਜੋਗ ਸੰਜੋਗੀ ਉਪਕਾਰ ਆਸ ਅਕਾਲੀ ਕੌਰ ਸਿੰਘ ਜੀ ਮੁੜ ਕੇ ਆਉਣੇ ਨਹੀਂ ਅਤੇ ਨਾ ਇਹ ਸੰਜੋਗ ਜੁੜਨਾ ਹੈ। ਏਥੇ ਸਾਲਾਂ ਬਧੀ ਅਸੀਂ ਆਉਂਦੇ ਰਹੇ ਅਤੇ ਫੇਰੀਆਂ ਪਾਉਂਦੇ ਰਹੇ। ਅਕਾਲੀ ਜੀ ਵੀ ਏਥੇ ਹੀ ਦਰਸ਼ਨ ਦੇਂਦੇ ਰਹੇ।

ਓੜਕ ਉਹ ਸਮਾਂ ਆਇਆ, ਕਿ ਸਾਡਾ ਦੋਹਾਂ ਦਾ (ਮੇਰਾ ਅਤੇ ਅਕਾਲੀ ਜੀ ਦਾ) ਪ੍ਰਸਪਰ ਕਿਸੇ ਗੁਰਮਤ ਨੁਕਤੇ ਤੇ ਮਤਭੇਦ ਹੋ ਗਿਆ। ਐਸਾ ਹੋਇਆ ਕਿ ਰੰਜਸ਼ ਤਾਈਂ ਨੌਬਤ ਅਪੜ ਗਈ। ਇਤਨਾ ਹੁੰਦਿਆਂ ਹੋਇਆਂ ਵੀ ਮੈਂਡੇ ਅੰਦਰ ਖਾਨਿਓਂ ਅਕਾਲੀ ਜੀ ਦੀ ਹਸਤੀ ਦਾ ਪਿਆਰ ਸਤਿਕਾਰ ਨਹੀਂ ਗਿਆ। ਭਾਵੇਂ ਇਸ ਘਟਨਾ ਪਸਚਾਤ ਕਸ਼ਮੀਰ ਫੇਰੀ ਤੇ ਦਰਸ਼ਨ ਕਰਨੇ ਹਟ ਗਏ, ਪਰੰਤੂ ਅੰਦਰਲੀ ਪਰੀਤ ਨਹੀਂ ਟੁਟੀ। ਫਿਰ ਛੇਕੜਲੀ ਦਰਸ਼ਨ ਮਿਲਾਉਣੀ ਓਦੋਂ ਹੋਈ ਜਦੋਂ ਉਹਨਾਂ ਦੇ ਆਸ਼ਰਮ ਆਲਣੇ ਜਰਵਾਣਿਆਂ ਨੇ ਉਜਾੜ ਕੇ ਮਿਸਮਾਰ ਕਰ ਦਿੱਤੇ ਸਨ। ਇਹ ਸੋਆਂ ਸੁਣੀਆਂ ਕਿ ਚਕਾਰ ਆਸ਼੍ਰਮ ਤੇ ਗਰੇਤ ਗਰਾਂ ਨੇ ਗਾਰਤ ਗਰੀ ਦੀ ਹੱਦ ਮੁਕਾ ਦਿੱਤੀ ਅਤੇ ਆਸ਼੍ਰਮ ਨਿਵਾਸੀ ਵਿਦਿਆਰਥੀ ਅਧਿਆਪਕ ਸਭ ਮਾਰੇ ਕਤਲ ਕੀਤੇ ਗਏ ਹਨ ਪਰ ਪਤਾ ਨਹੀਂ ਚਲਿਆ ਕਿ ਅਕਾਲੀ ਕੌਰ ਸਿੰਘ ਜੀ ਦਾ ਕੀ ਹਸ਼ਰ ਹੋਇਆ? ਅਚਾਨਕ ਇਕ ਦਿਨ ਪੰਜਾਬ ਦੇ ਕਿਸੇ ਟਿਕਾਣੇ ਤੇ ਵਿਚਰਦੇ ਵਿਚਰਦੇ ਆ ਨਮੂਦਾਰ ਹੋਏ, ਦੇਖ ਕੇ ਮੇਰੀਆਂ ਭੁੱਬਾਂ ਨਿਕਲ ਗਈਆਂ। ਉਹਨਾਂ ਦੀ ਜ਼ਬਾਨੀ ਸਾਰਾ ਹਾਲ ਸੁਣ ਕੇ ਚਿਤ ਨੂੰ ਬੜਾ ਖੇਦ ਪਹੁੰਚਿਆ ਪਰ ਸ਼ੁਕਰ ਕੀਤਾ ਕਿ ਅਕਾਲੀ ਕੌਰ ਸਿੰਘ ਉਸ ਫੇਟ ਅੰਦਰ ਨਹੀਂ ਆਏ।

ਕਾਲ ਦੇ ਅਕਾਲ ਚੱਕਰ ਅੰਦਰ ਅੱਜ ਉਹਨਾਂ ਦਾ ਇਸ ਸੰਸਾਰ ਤੋਂ ਕੂਚ ਕਰ ਜਾਣਾ ਚਾਹੇ ਬੜਾ ਹੀ ਦੁਖਦਾਈ ਹੈ ਪਰ ਇਹ ਚਿਤਾਰ ਕੇ ਕਿ ਆਪਣੀ ਪੂਰੀ ਨਿਭਾਹ ਗਏ, ਚਿਤ ਬੜਾ ਤਸਕੀਨ ਅੰਦਰ ਹੈ।

ਚਲਿਆ ਤਾਂ ਸਭ ਨੇ ਹੀ ਜਾਣਾ ਹੈ ਪਰ ਅਕਾਲੀ ਕੌਰ ਸਿੰਘ ਜੀ ਵਰਗੇ ਗੁਰਮੁਖਾਂ ਦੇ ਚਲਾਣੇ ਬੜੇ ਹੀ ਕੌਤਕ ਹਰੇ ਹਨ। ਮੈਥੋਂ ਸਤਿਗੁਰੂ ਜੀ ਨੇ ਜਿਤਨੀਆਂ ਭੀ ਪੁਸਤਕਾਂ ਦੀ ਲਿਖਾਣ ਦੀ ਸੇਵਾ ਲਈ ਹੈ, ਉਹਨਾਂ ਨੂੰ ਲਿਖਦਿਆਂ ਹੋਇਆਂ ਗੁਰਬਾਣੀ ਦੇ ਪ੍ਰਮਾਣ ਅੰਕਤ ਕਰਨ ਦੀ ਸੁਗਮਤਾ ਅਕਾਲੀ ਕੌਰ ਸਿੰਘ ਜੀ ਦਾ ਲਿਖਿਆ ਹੋਇਆ 'ਸ਼ਬਦ ਰਤਨਾਵਲੀ ਇੰਡੈਕਸ' ਦੇਂਦਾ ਰਿਹਾ ਹੈ ਉਹ ਅਦੁੱਤੀ ਯਾਦਗਾਰ ਉਹਨਾਂ ਦੇ ਉਪਕਾਰ ਦੀ ਖਿਨ ਖਿਨ ਯਾਦ ਕਰਵਾਉਂਦਾ ਰਿਹਾ ਹੈ ਅਤੇ ਕਰਵਾਉਂਦਾ ਰਹੇਗਾ।

ਕਸ਼ਮੀਰ ਦੇ ਪ੍ਰੇਮੀਆਂ ਫੋਟੋਗਰਾਫਰਾਂ ਨੇ ਮੇਰੀ ਅਤੇ ਅਕਾਲੀ ਜੀ ਦੀ ਇਕੱਠੀ ਫੋਟੋ ਵੀ ਲਈ ਹੋਈ ਹੈ, ਜੋ ਹੁਣ ਤੱਕ ਮੇਰੇ ਪਾਸ ਹੈ।

ਜੇਲ੍ਹ ਯਾਤਰਾ ਤੋਂ ਵਾਪਸ ਆ ਕੇ ਅਕਾਲੀ ਜੀ ਦੇ ਦਰਸ਼ਨ ਉਹਨਾਂ ਸਮਿਆਂ ਤੇ ਵੀ ਹੁੰਦੇ ਰਹੇ ਜਦੋਂ ਪੰਥ ਗੁਰੂ ਦੇ ਹੁਕਮ ਅਨੁਸਾਰ ਇਤਿਹਾਸਕ ਇਮਾਰਤਾਂ ਦੀ ਬੁਨਿਆਦ ਰੱਖਣ ਸਮੇਂ ਪੰਜਾਂ ਪਿਆਰਿਆਂ ਵਿਚ ਮੇਰੇ ਸੰਗ ਸਾਥ ਉਹਨਾਂ ਨੂੰ ਵੀ ਲਿਆ ਗਿਆ।

ਅਕਾਲੀ ਕੌਰ ਸਿੰਘ ਜੀ ਦਾ ਰੁਝਾਨ ਮੁਢ ਤੋਂ ਹੀ ਉਪਕਾਰ ਅਨਸਰ ਵਾਲਾ ਸੀ। ਦੱਖਣ ਵਿਚ ਸ੍ਰੀ ਹਜ਼ੂਰ ਸਾਹਿਬ ਵਿਖੇ ਤਕੜਾ ਚਿਰ ਰਹਿਣ ਕਰਕੇ ਆਮ ਨਿਹੰਗ ਪੁਜਾਰੀਆਂ ਵਾਲੇ ਸੰਸਕਾਰ ਉਹਨਾਂ ਵਿਚ ਬੜੀ ਬਹੁਲਤਾ ਨਾਲ ਘਰ ਕਰ ਗਏ ਸਨ, ਪਰ ਮੁੜ ਪੰਜਾਬ ਆਉਣ ਅਤੇ ਸਿੰਘ ਸਭਾ ਦੇ ਨਾਲ ਮੇਲ ਜੋਲ ਹੋਣ ਕਰਕੇ ਅਤੇ ਖ਼ਾਸ ਕਰਕੇ ਪੰਚ ਖ਼ਾਲਸਾ ਦੀਵਾਨ ਦੇ ਅਸੂਲਾਂ ਨਾਲ ਪ੍ਰਭਾਵਤ ਹੋ ਕੇ ਉਹ ਨਿਹੰਗ ਪੁਜਾਰੀ ਸੰਸਥਾਵਾਂ ਤੋਂ ਖਾਸਾ ਮੋੜਾ ਖਾ ਗਏ ਸਨ। ਫੇਰ ਵੀ ਦੋ ਚਾਰ ਗੁਰਮਤ ਅਸੂਲ ਉਹਨਾਂ ਅੰਦਰ ਪੁਜਾਰਕੀ ਸੰਸਕਾਰਾਂ ਵਾਲੇ ਗਡ ਮਡ ਹੋ ਗਏ ਸਨ।

ਸਾਡੇ ਅੰਦਰ ਖਾਨੇ ਉਹਨਾਂ ਦੇ ਅਨੇਕ ਗੁਰਮਤ ਗੁਣਾਂ ਦਾ ਬੜਾ ਪਿਆਰ ਹੈ, ਅਤੇ ਸਦਾ ਹੀ ਰਹੇਗਾ। ਮੈਥੋਂ ਚਾਰ ਸਾਲ ਆਯੂ ਵਿਚ ਛੋਟੇ ਸਨ ਪਰ ਪਹਿਲਾਂ ਹੀ ਪਧਾਰ ਗਏ। ਅਸਾਡੀ ਵਾਰੀ ਆਉਣੀ ਹੀ ਨਹੀਂ ਪਾਈ।

**"ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥ ॥੪੪॥ ( ॥੫੪ ॥੧ ॥)"**

**(ਰਾਮਕਲੀ ਮਃ ੧ ਦਖਣੀ ਓਅੰਕਾਰੁ, ਅੰਗ: ੯੩੬)**

ਗੁਰਵਾਕ ਅਨੁਸਾਰ ਅਸਾਨੂੰ ਸਦੜਾ ਪਰਲੋਕ ਗਮਨ ਦਾ ਨੇੜੇ ਹੀ ਆਇਆ ਖੜਾ ਹੈ।

**"ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥ ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ ॥੪ ॥੨੩ ॥੯੩ ॥"**

**(ਸਿਰੀਰਾਗੁ ਮਃ ੫, ਅੰਗ: ੫੦)**

# ਕਵਿਤਾ : ਅਬ ਮੈਂ ਲਿਖਿਓ ਸਿੱਖਨ ਕੀ ਦਸ਼ਾ

ਅਬ ਮੈਂ ਲਿਖਿਓ ਸਿੱਖਨ ਕੀ ਦਸ਼ਾ
ਅੰਮ੍ਰਿਤ ਛਾਡ ਅਬ ਕਰਤ ਹੈ ਨਸ਼ਾ।
ਗੁਰ-ਇਤਿਹਾਸ ਛੱਡ ਕਲਯੁਗ ਮੈ ਫਸਿਓ
ਬੀਚ ਸਿੱਖਨ ਕੇ ਗੈਰਤ ਹੈ ਨਸਿਓ।
ਗੁਰਬਾਣੀ ਤੇ ਮੁੱਖ ਹੈ ਫੇਰਿਓ
ਲੱਚਰ ਗੀਤ ਕੇ ਸੰਗ ਹੈ ਘਿਰਿਓ।
ਸ਼ਰਮ ਧਰਮ ਹੈ ਪੰਖ ਕਰ ਉਡਰਿਆ
ਗੁਰ-ਸਿੱਖਿਆ ਹੈ ਸੂਲ ਪਰ ਚੜ੍ਹਰਿਆ।
ਇਮ ਸਿੱਖਨ ਕਿਰਦਾਰ ਉਲਟ ਹੈ
ਗਿੱਦੜੋਂ ਸ਼ੇਰ ਫਿਰ ਗਿੱਦੜ ਬਨਤ ਹੈ।
ਇਮ ਜਾਤ ਗੋਤ ਹੱਲਾ ਕੀ ਤਜਾਗਤ ਹੈ
ਨਾਚ ਗਾਇਕੀ ਕਾ ਕੀਆ ਸੁਆਗਤ ਹੈ।
ਜਿਮ ਗੁਰ-ਮੰਦਰ ਸੇਵਤ ਥੇ ਸੰਗਤ
ਅਬ ਇਨ ਮਹਿ ਮਹੰਤ ਮਾਇਆ ਹੈ ਮੰਗਤ।
ਸਿੱਖ ਗੁਰੂ ਮਹਿ ਵਿਸ਼ਵਾਸ ਹੈ ਟਾਲਿਓ
ਪੱਲਾ ਇਨ ਜੋ ਸਿਆਸਤ ਕਾ ਹੈ ਪਾਲਿਓ।
ਭਾਸ਼ਾ ਸੰਸਕ੍ਰਿਤੀ ਇਨ ਹੈ ਖੋਈ
ਤਬੀ ਕੌਮ ਨਿਰਬਲ ਹੈ ਹੋਈ।
ਦਾੜ੍ਹੀ ਕੇਸ ਇਨ ਕੀਏ ਹੈ ਪਤਨ
ਭੁੱਲ ਗਿਓਂ ਹੈ ਬਜ਼ੁਰਗੋਂ ਕੇ ਯਤਨ।
ਸਿੱਖ-ਸਿੱਖੀ ਸਭਿ ਕਹੀਯਤ ਹੈ
ਸਾਚ ਕਹੋਂ ਸਿੱਖੀ ਕੀ ਧਾਰ ਭੁਲਤ ਹੈ।
ਸਿੱਖ ਵਹੀ ਜੋ ਗੁਰ ਕੀ ਸਿੱਖਿਆ ਪਰ ਚਾਲੈ
ਸ੍ਵੈ-ਮੱਤ ਜੋ ਸਿਓਂ ਚਾਲੈ ਵਹਿ ਸਿੱਖੀ ਕਾ ਹਕ ਨਾ ਪਲੈ।

**- ਵਿੱਪਰਪ੍ਰੀਤ ਸਿੰਘ ਲੁਧਿਆਣਾ**

# ਗੁਰਮਤਿ ਤੀਰਥ

ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਗੁਰਮਤਿ ਤੀਰਥ, ਜੋ ਗੁਰਮਤਿ ਅਨੁਸਾਰ ਪ੍ਰਮਾਣੀਕ ਹਨ, ਓਹਨਾਂ ਪ੍ਰਥਾਏ ਪ੍ਰੌੜ੍ਹਤਾ ਪੂਰਬਕ ਹੇਠ ਲਿਖੇ ਗੁਰ ਪ੍ਰਮਾਣ ਦਿਤੇ ਜਾਂਦੇ ਹਨ, ਯਥਾ:

ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥
ਨਿਰਮਲ ਹੋਏ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ ॥੧ ॥
ਸਭਿ ਕੁਸਲ ਖੇਮ ਪ੍ਰਭਿ ਧਾਰੇ ॥ ਸਹੀ ਸਲਾਮਤਿ ਸਭਿ ਥੋਕ ਉਬਾਰੇ
ਗੁਰ ਕਾ ਸਬਦੁ ਵੀਚਾਰੇ ॥ਰਹਾਉ ॥
ਸਾਧ ਸੰਗਿ ਮਲੁ ਲਾਥੀ ॥ ਪਾਰਬ੍ਰਹਮੁ ਭਇਓ ਸਾਥੀ ॥
ਨਾਨਕ ਨਾਮੁ ਧਿਆਇਆ ॥ ਆਦਿ ਪੁਰਖ ਪ੍ਰਭੁ ਪਾਇਆ ॥੨ ॥੧ ॥੬੫ ॥
(ਸੋਰਠਿ ਮ: ੫ ਘਰੁ ੩, ਪੰਨਾ: ੬੨੫)

***

ਵਿਚਿ ਕਰਤਾ ਪੁਰਖੁ ਖਲੋਆ ॥ ਵਾਲੁ ਨ ਵਿੰਗਾ ਹੋਆ ॥
ਮਜਨੁ ਗੁਰ ਆਂਦਾ ਰਾਸੇ ॥ ਜਪਿ ਹਰਿ ਹਰਿ ਕਿਲਵਿਖ ਨਾਸੇ ॥੧ ॥
ਸੰਤਹੁ ਰਾਮਦਾਸ ਸਰੋਵਰੁ ਨੀਕਾ ॥
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥੧ ॥ਰਹਾਉ ॥
ਜੈ ਜੈਕਾਰੁ ਜਗੁ ਗਾਵੈ ॥ ਮਨ ਚਿੰਦਿਅੜੇ ਫਲ ਪਾਵੈ ॥
ਸਹੀ ਸਲਾਮਤਿ ਨਾਇ ਆਏ ॥ ਅਪਣਾ ਪ੍ਰਭੂ ਧਿਆਏ ॥੨ ॥
ਸੰਤ ਸਰੋਵਰ ਨਾਵੈ ॥ ਸੋ ਜਨੁ ਪਰਮ ਗਤਿ ਪਾਵੈ ॥
ਮਰੈ ਨ ਆਵੈ ਜਾਈ ॥ ਹਰਿ ਹਰਿ ਨਾਮੁ ਧਿਆਈ ॥੩ ॥
ਇਹੁ ਬ੍ਰਹਮ ਬਿਚਾਰੁ ਸੁ ਜਾਨੈ ॥ ਜਿਸੁ ਦਇਆਲੁ ਹੋਇ ਭਗਵਾਨੈ ॥
ਬਾਬਾ ਨਾਨਕ ਪ੍ਰਭ ਸਰਣਾਈ ॥ ਸਭ ਚਿੰਤਾ ਗਣਤ ਮਿਟਾਈ ॥੪ ॥੭ ॥੫੭ ॥
(ਸੋਰਠਿ ਮ: ੫, ਪੰਨਾ: ੬੨੩)

***

ਗੁਰਿ ਪੂਰੈ ਕੀਤੀ ਪੂਰੀ ॥ ਪ੍ਰਭੁ ਰਵਿ ਰਹਿਆ ਭਰਪੂਰੀ ॥
ਖੇਮ ਕੁਸਲ ਭਇਆ ਇਸਨਾਨਾ ॥ ਪਾਰਬ੍ਰਹਮ ਵਿਟਹੁ ਕੁਰਬਾਨਾ ॥੧ ॥
ਗੁਰ ਕੇ ਚਰਨ ਕਵਲ ਰਿਦ ਧਾਰੇ ॥
ਬਿਘਨੁ ਨ ਲਾਗੈ ਤਿਲ ਕਾ ਕੋਈ ਕਾਰਜ ਸਗਲ ਸਵਾਰੇ ॥੧ ॥ਰਹਾਉ ॥
ਮਿਲਿ ਸਾਧੂ ਦੁਰਮਤਿ ਖੋਏ ॥ ਪਤਿਤ ਪੁਨੀਤ ਸਭ ਹੋਏ ॥
ਰਾਮਦਾਸਿ ਸਰੋਵਰ ਨਾਤੇ ॥ ਸਭ ਲਾਥੇ ਪਾਪ ਕਮਾਤੇ ॥੨ ॥
ਗੁਨ ਗੋਬਿੰਦ ਨਿਤ ਗਾਈਐ ॥ ਸਾਧ ਸੰਗ ਮਿਲਿ ਧਿਆਈਐ ॥
ਮਨ ਬਾਂਛਤ ਫਲ ਪਾਏ ॥ ਗੁਰੁ ਪੂਰਾ ਰਿਦੈ ਧਿਆਏ ॥੩ ॥
ਗੁਰ ਗੋਪਾਲ ਆਨੰਦਾ ॥ ਜਪਿ ਜਪਿ ਜੀਵੈ ਪਰਮਾਨੰਦਾ ॥
ਜਨ ਨਾਨਕ ਨਾਮੁ ਧਿਆਇਆ ॥ ਪ੍ਰਭ ਅਪਨਾ ਬਿਰਦੁ ਰਖਾਇਆ ॥੪ ॥੧੦ ॥੬੦ ॥
(ਸੋਰਠਿ ਮ: ੫, ਪੰਨਾ: ੬੨੪)

***

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧ ॥ ( ॥੪ ॥੭ ॥੧੦ ॥)
(ਸੂਹੀ ਮ: ੫, ਪੰਨਾ: ੭੮੩)

***

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ ॥
ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥੧੦ ॥ ( ॥੨੩ ॥)
(ਫੁਨਹੇ ਮ: ੫, ਪੰਨਾ: ੧੩੬੨)

ਏਹ ਉਪਰਲੇ ਗੁਰਵਾਕ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਅੰਮ੍ਰਿਤ ਸਰੋਵਰ ਸੰਬੰਧੀ ਹਨ। ਪਰ ਹੋਰ ਦਸਾਂ ਪਾਤਸ਼ਾਹੀਆਂ ਦੇ ਨਾਮ ਨਾਲ ਸੰਬੰਧਤ ਜਿਤਨੇ ਗੁਰਦੁਆਰੇ ਤੇ ਉਨ੍ਹਾਂ ਦੇ ਨਾਲ ਲਗਦੇ ਸਰੋਵਰ ਗੁਰ-ਅਸਥਾਨ ਤੇ ਬਾਉਲੀਆਂ ਆਦਿ ਜਲ-ਤੀਰਥ ਹਨ ਤੇ ਜਿਤਨੇ ਸਰੋਵਰ ਤੋਂ ਬਿਨਾਂ ਗੁਰ-ਅਸਥਾਨ ਥਲ-ਤੀਰਥ ਹਨ, ਏਹ ਸਭ ਗੁਰੂ ਕੀ ਨਦਰ ਮਿਹਰ ਨਾਲ ਤੇ ਨਾਮ ਦੀ ਦਾਤਿ ਨਾਲ ਵਰੋਸਾਏ ਹੋਣ ਕਰਕੇ ਕਲਿਆਣਕਾਰੀ ਹਨ, ਏਨ੍ਹਾਂ ਦਾ ਦਰਸ਼ਨ ਸਭ ਸਫਲ ਹੈ। ਇਸ ਪ੍ਰਥਾਇ ਗੁਰਵਾਕ ਹੈ-

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀਂ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥
ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥
ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨ ॥ ( ॥੪ ॥੧੨ ॥੧੯ ॥)
(ਆਸਾ ਮ: ੪, ਪੰਨਾ: ੪੫੦)

***

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥... ॥੨ ॥
(ਗਉੜੀ ਵਾਰ, ਮ: ੪, ਪੰਨਾ: ੩੧੦)

***

ਨਿਤਪ੍ਰਤਿ ਨਾਵਣੁ ਰਾਮਸਰਿ ਕੀਜੈ ॥ ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ ॥੧ ॥ਰਹਾਉ ॥
ਨਿਰਮਲ ਉਦਕੁ ਗੋਵਿੰਦ ਕਾ ਨਾਮ ॥ ਮਜਨੁ ਕਰਤ ਪੂਰਨ ਸਭਿ ਕਾਮ ॥੧ ॥
ਸੰਤ ਸੰਗਿ ਤਹ ਗੋਸਟਿ ਹੋਇ ॥ ਕੋਟਿ ਜਨਮ ਕੇ ਕਿਲਵਿਖ ਖੋਇ ॥੨ ॥
ਸਿਮਰਹਿ ਸਾਧ ਕਰਹਿ ਆਨੰਦੁ ॥ ਮਨਿ ਤਨਿ ਰਵਿਆ ਪਰਮਾਨੰਦੁ ॥੩ ॥
ਜਿਸਹਿ ਪਰਾਪਤਿ ਹਰਿ ਚਰਣ ਨਿਧਾਨ ॥ ਨਾਨਕ ਦਾਸ ਤਿਸਹਿ ਕੁਰਬਾਨ ॥੪ ॥੯੫ ॥੧੬੪ ॥
(ਗਉੜੀ ਮ: ੫, ਪੰਨਾ: ੧੯੮)

# ਅਜਪਾ ਜਾਪ ਤੇ ਅਕੱਥ ਕਥਾ



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਅਪਿਓ ਪੀ ਕੇ, ਆਤਮ ਤੱਤ ਰੂਪੀ 'ਸਚੁ' ਅੰਮ੍ਰਿਤ ਦੇ ਗਟਾਕ ਚੱਖ ਕੇ ਨਾਮ ਅਮੀਆਲੇ ਗੁਰਮੁਖ ਜਨ ਸਦਾ ਮਸਤ ਮਤਵਾਲੇ ਰਹਿੰਦੇ ਹਨ ਅਤੇ ਅੰਮ੍ਰਿਤ ਨਾਮ ਦੀ ਜਾਪ ਅਭਿਆਸ ਰੂਪੀ ਅਜਪਾ ਜਾਪੀ ਅਕੱਥ ਕਥਾ ਕਰਨ ਵਿਚਿ ਹੀ ਲਿਵਲੀਨ ਰਹਿੰਦੇ ਹਨ। ਅਜਪਾ ਜਾਪ ਉਹ ਹੈ ਜਿਸ ਦਾ ਜਾਪ ਕਦੇ ਮੁਕਦਾ ਹੀ ਨਹੀਂ, ਜਿਸ ਦੀ ਅਭਿਆਸ ਕਮਾਈ ਦਾ ਪਾਰਾਵਾਰ ਹੀ ਨਹੀਂ। ਜਿਸ ਦੀ ਜਾਪ ਜਪਣੀ ਕਥਾ, ਕਥਨੀ ਤੋਂ ਬਾਹਰ ਹੈ। ਜਿਸ ਦੀ ਜਾਪ ਜਪਣੀ ਮੁਖੋਂ ਜਪਦਿਆਂ ਜਪਦਿਆਂ, ਕਥਦਿਆਂ ਕਥਦਿਆਂ ਕਦੇ ਮੁਕਦੀ ਹੀ ਨਹੀਂ। ਜਿਉਂ ਜਿਉਂ ਜਪੀ ਕਥੀਦੀ ਹੈ, ਤਿਉਂ ਤਿਉਂ ਇਸ ਦਾ ਅੰਮ੍ਰਿਤ ਰਸੁ ਹੋਰ ਤੋਂ ਹੋਰ ਵਧੇਰੇ ਆਉਂਦਾ ਹੈ। ਜੈਸੇ ਇਹ ਅੰਮ੍ਰਿਤ ਅਹਿਲਾਦੀ ਰਸੁ ਅਥਾਹ ਹੈ, ਤੈਸੇ ਹੀ ਨਾਮ ਦੀ ਅੰਮ੍ਰਿਤ-ਜਾਪ-ਮਈ-ਕਥਾ ਅਥਾਹ ਅਤੇ ਅਗਾਧ ਹੈ।

ਗੁਰਮੁਖ ਜਨ ਏਸੇ ਸਚੁ ਨੂੰ ਬੋਲਣਹਾਰੇ ਹੁੰਦੇ ਹੋਏ ਹੀ ਸੱਚੀ ਹੁਕਮ ਰਜ਼ਾ ਤੇ ਚਲਣਹਾਰੇ ਬਣਦੇ ਹਨ। ਦੁਨੀਆਵੀ, ਸੰਸਾਰ-ਕਾਰ ਬਿਉਪਾਰੀ ਸ਼ੁਸ਼ਕ ਸੱਚ ਬੋਲ ਬੋਲਣ ਦੇ ਕੂੜਾਵੇ ਦਾਅਵੇਦਾਰ ਬਣਨੋਂ ਅਤੀਤ ਬੈਰਾਗੀ ਬੀਤ ਰਾਗੀ ਗੁਰਮੁਖ ਜਨ ਸਦਾ ਅਲਿਪਤ ਬੇਗ਼ਰਜ਼ ਅਤੇ ਲਾਪਰਵਾਹ ਰਹਿੰਦੇ ਹਨ। ਓਹ ਆਤਮ ਤੱਤੀ ਪਰਮ 'ਸਚੁ' ਅਤੇ ਸੱਚੇ ਪਰਮਾਤਮਾ ਦੀ ਸਦਾ ਨਿਕਟ ਹਜ਼ੂਰੀ ਸਰਨਾਗਤ ਰਹਿੰਦੇ ਹੋਏ ਇਸ ਨਿਚਲੇ ਦਰਜੇ ਦੇ ਬ-ਹਕੀਕਤ ਸੱਚ ਨੂੰ ਕੀ ਵੁਕਅਤ ਦੇ ਸਕਦੇ ਹਨ? ਓਹ ਤਾਂ ਸਚ ਮੁਚ "ਰਹਹਿ ਅਤੀਤ ਸਚੇ ਸਰਣਾਈ॥੧॥ (॥੯॥੧੫॥)" (ਗਉੜੀ ਮ.੧, ਪੰਨਾ : ੨੨੭) ਵਾਲੀ ਉੱਚੀ ਸਚ ਅਵਸਥਾ ਵਿਚਿ ਖੇਡਦੇ ਰਹਿੰਦੇ ਹਨ। ਤਿਨ੍ਹਾਂ ਗੁਰਮੁਖਾਂ ਦਾ ਐਸੇ ਉਚ ਔਜ ਆਦਰਸ਼ੀ 'ਸਚੁ' ਦੇ ਘਰ ਵਿਚਿ ਨਿਵਾਸ ਰਹਿੰਦਾ ਹੈ, ਜਿਥੇ ਓਹਨਾਂ ਨੂੰ ਕੂੜ ਕਾਲਿ-ਚੱਕਰੀ ਕਲਿ-ਕਾਲਖੀ ਬੇਤਾਲ ਕਾਲ ਜੋਹ ਨਹੀਂ ਸਕਦਾ। ਕੂੜ-ਮੁਠੇ ਮਨਮੁਖਾਂ ਨੂੰ ਮਾਇਆ ਮੋਹ ਮਮਤਾ ਗ੍ਰਸੇ ਹੋਣ ਕਰਕੇ ਆਵਣ ਜਾਣ ਜਨਮ ਮਰਣ ਦਾ ਦੁਖੁ ਸਹਿਣਾ ਪੈਂਦਾ ਹੈ।

ਅਪਿਓ ਪੀ ਕੇ, ਆਤਮ ਤੱਤ ਰੂਪੀ 'ਸਚੁ' ਅੰਮ੍ਰਿਤ ਦੇ ਗਟਾਕ ਚੱਖ ਕੇ ਨਾਮ ਅਮੀਆਲੇ ਗੁਰਮੁਖ ਜਨ ਸਦਾ ਮਸਤ ਮਤਵਾਲੇ ਰਹਿੰਦੇ ਹਨ ਅਤੇ ਅੰਮ੍ਰਿਤ ਨਾਮ ਦੀ ਜਾਪ ਅਭਿਆਸ ਰੂਪੀ ਅਜਪਾ ਜਾਪੀ ਅਕੱਥ ਕਥਾ ਕਰਨ ਵਿਚਿ ਹੀ ਲਿਵਲੀਨ ਰਹਿੰਦੇ ਹਨ। ਅਜਪਾ ਜਾਪ ਉਹ ਹੈ ਜਿਸ ਦਾ ਜਾਪ ਕਦੇ ਮੁਕਦਾ ਹੀ ਨਹੀਂ, ਜਿਸ ਦੀ ਅਭਿਆਸ ਕਮਾਈ ਦਾ ਪਾਰਾਵਾਰ ਹੀ ਨਹੀਂ। ਜਿਸ ਦੀ ਜਾਪ ਜਪਣੀ ਕਥਾ, ਕਥਨੀ ਤੋਂ ਬਾਹਰ ਹੈ। ਜਿਸ ਦੀ ਜਾਪ ਜਪਣੀ ਮੁਖੋਂ ਜਪਦਿਆਂ ਜਪਦਿਆਂ, ਕਥਦਿਆਂ ਕਥਦਿਆਂ ਕਦੇ ਮੁਕਦੀ ਹੀ ਨਹੀਂ। ਜਿਉਂ ਜਿਉਂ ਜਪੀ ਕਥੀਦੀ ਹੈ, ਤਿਉਂ ਤਿਉਂ ਇਸ ਦਾ ਅੰਮ੍ਰਿਤ ਰਸੁ ਹੋਰ ਤੋਂ ਹੋਰ ਵਧੇਰੇ ਆਉਂਦਾ ਹੈ। ਜੈਸੇ ਇਹ ਅੰਮ੍ਰਿਤ ਅਹਿਲਾਦੀ ਰਸੁ ਅਥਾਹ ਹੈ, ਤੈਸੇ ਹੀ ਨਾਮ ਦੀ ਅੰਮ੍ਰਿਤ-ਜਾਪ-ਮਈ-ਕਥਾ ਅਥਾਹ ਅਤੇ ਅਗਾਧ ਹੈ। ਏਸੇ ਕਰਕੇ ਨਾਮ-ਜਾਪ ਨੂੰ ਅਕੱਥ ਕਥਾ ਗੁਰਬਾਣੀ ਵਿਚਿ ਵਰਨਣ ਕੀਤਾ ਗਿਆ ਹੈ। ਤਾਂ ਤੇ ਗੁਰਮੁਖ ਜਨ "ਅਪਿਉ ਪੀਅਉ ਅਕਥੁ ਕਥਿ ਰਹੀਐ॥...॥੨॥ (॥੯॥੧੫॥)" (ਗਉੜੀ ਮ.੧, ਪੰਨਾ : ੨੨੭) ਵਾਲੀ ਗੁਰਮਤਿ ਲਿਵ ਰਹਿਣੀ ਦੇ ਹੀ ਧਾਰਨੀ ਰਹਿੰਦੇ ਹਨ ਅਤੇ ਅੰਤਰ ਆਤਮੇ ਲਿਵ ਜੋੜ ਕੇ, ਸਮਾਧ-ਸਥਿਤ ਹੁੰਦੇ ਹੋਏ ਨਿਜ ਘਰੀ ਪ੍ਰਤਿਬਿੰਬਤ (ਪ੍ਰਕਾਸ਼ਤ ਹੋਏ) ਸਹਜ ਘਰ ਵਾਸ ਦਾ ਅਨੰਦ ਮਾਣਦੇ ਹਨ, ਘਟ ਆਤਮੀ ਨਿਜ ਘਰਿ ਰਹਿੰਦੇ ਹੋਏ ਪਰਮ ਆਤਮਾ ਲਖਤਾ ਵਾਲੇ ਸਹਜ ਘਰ ਦੇ ਅਨੰਦ ਦਾ ਲਹਿਰਾ ਲੁਟਦੇ ਹਨ। ਇਸ ਲਖਤਾ ਨੂੰ ਲਖ ਕੇ ਹੀ 'ਸਚੁ' ਦੀ ਤਤ ਸਰੂਪੀ ਲਖਤਾ ਦਾ ਬਿਸਮਾਦ ਮਈ ਸੁਆਦ ਆਵੰਦਾ ਹੈ। "ਨਿਜ ਘਰਿ ਬੈਸਿ ਸਹਜ ਘਰੁ ਲਹੀਐ॥...॥੨॥ (॥੯॥੧੫॥)" (ਗਉੜੀ ਮ.੧, ਪੰਨਾ :੨੨੭) ਇਸ ਬਿਸਮਾਦ ਸੁਆਦ ਵਾਲੇ ਹਰਿ ਰਸ ਵਿਚਿ ਰਤਿਆ ਮੱਤਿਆਂ ਹੀ ਸੱਚੇ ਸੁਖ ਦੀ ਸਾਰ ਆਉਂਦੀ ਹੈ। ਸੱਚਾ ਸੁਖ ਗੁਰਮਤਿ ਅੰਦਰਿ ਏਸੇ ਨੂੰ ਕਹਿੰਦੇ ਹਨ ਕਿ ਹਰਿ ਰਸ ਦੇ ਆਤਮ ਅਹਿਲਾਦ ਵਿਚਿ ਮਗਨ ਮਸਤ ਬਿਸਮਾਦ ਹੀ ਹਰ ਦਮ ਰਹੇ। ਅਤੇ ਇਸ ਬਿਸਮਾਦ ਮਈ ਅੰਮ੍ਰਿਤ ਰਸ ਦੀ ਖੁਮਾਰੀ ਦਾ ਨਸ਼ਾ ਕਦੇ ਭੀ ਨਾ ਉਤਰੇ। ਸੁਖ ਹੈ ਤਾਂ ਇਹੀ ਸੱਚਾ ਸੁਖ ਹੈ। ਏਸ ਨੂੰ ਅਸਲੀ ਸੁਖ ਕਹਿੰਦੇ ਹਨ। "ਹਰਿ ਰਸਿ ਮਾਤੇ ਇਹੁ ਸੁਖੁ ਕਹੀਐ॥੨॥ (॥੯॥੧੫॥)" (ਗਉੜੀ ਮ.੧, ਪੰਨਾ :੨੨੭) ਇਹੋ ਸੁਖੁ ਹੈ। ਏਸ ਬਿਨਾ ਹੋਰ ਸੁਖੁ ਹੀ ਕੋਈ ਨਹੀਂ। ਜਿਥੇ ਇਹ ਸੁਖੁ ਹੈ ਓਥੇ 'ਸਚੁ' ਦਾ ਪਰਗਾਸ ਸਹੀ ਜਾਣੋ।

ਗੁਰਮਤਿ ਸਚੁ ਨਿਹਚਲੀ ਸਚੁ ਹੈ। ਜੋ ਗੁਰਮੁਖ ਜਨ ਸਚੁ-ਗੁਰਮਤਿ ਦੀ ਸੱਚੀ ਨਿਹਚਲ ਚਾਲ ਤੇ ਚਲਣ ਵਾਲੇ ਹਨ, ਓਹ ਸਦਾ ਨਿਹਚਲ ਹੀ ਰਹਿੰਦੇ ਹਨ, ਕਦੇ ਨਹੀਂ ਡੋਲਦੇ ਅਤੇ ਸਦਾ ਗੁਰਮਤਿ ਸਾਚ ਦੇ ਸਹਜ ਘਰ ਵਿਚਿ ਵਸਦੇ ਹੋਏ (ਨਿਹਚਲ ਵਾਸਾ ਰਖਦੇ ਹੋਏ) ਨਾਮ ਜਾਪੁ ਉਚਾਰਨ ਕਰਦੇ ਹਨ। ਅਤੇ ਇਉਂ ਅੰਮ੍ਰਿਤ ਦੇ ਗਟਾਕ ਰਸ ਪੀ ਪੀ ਤੱਤ ਵਿਰੋਲ ਕੇ ਸਚੁ ਅੰਮ੍ਰਿਤ ਮਾਖਨੁ ਝੋਲਿ ਝੋਲਿ ਛਕਦੇ ਹਨ। ਤਿਨ੍ਹਾਂ ਨੇ ਹੀ ਵਾਸਤਵ ਵਿਚਿ ਸਤਿਗੁਰੂ ਦੇ ਜੋਤਿ ਪ੍ਰਕਾਸ਼ੀ ਸਰੂਪ ਨੂੰ ਦੇਖਿਆ ਹੈ। ਤਿਨ੍ਹਾਂ ਦੀ ਸਤਿਗੁਰੂ ਦੁਆਰਿਓਂ ਦੀਖਿਆ ਲਈ ਲੇਖੇ ਪੈਂਦੀ ਹੈ। ਸੱਚੀ ਦੀਖਿਆ ਤਿਨ੍ਹਾਂ ਨੇ ਹੀ ਲਈ ਹੈ ਜਿਨ੍ਹਾਂ ਨੇ ਗੁਰਮੰਤਰ ਕਮਾਈਆਂ ਕਰਿ ਕਰਿ ਗੁਰੂ ਜੋਤਿ ਨੂੰ ਘਟ ਅੰਦਰੋਂ ਹੀ ਪਰਜੁਅਲਤ ਕੀਤਾ ਹੈ। ਅਤੇ ਮਨ ਤਨ ਅਰਪ ਕੇ ਅੰਤਰਗਤਿ 'ਸਚੁ' ਨੂੰ ਚੀਨਿਆ ਹੈ। ਅਤੇ 'ਸਚੁ' ਮਤਾਂਤ ਮਤੇ ਨੂੰ ਪਰਬੀਨਿਆ ਹੈ। ਅਤੇ ਆਤਮ ਚੀਨ ਕੇ ਸਚੀ ਗਤਿ ਮਿਤਿ ਪਾਈ ਹੈ।

ਜੋਤਿ ਅਪਾਰੀਆ ਪਰਮ ਹੰਸਲਾ ਸਚੁ ਆਤਮਾ, ‘ਨਾਮੁ’ ਨਿਰੰਜਨ ਰੂਪੀ ਸਾਰ ਭੋਜਨ ਦਾ ਅਹਾਰ ਹੀ ਕਰਦਾ ਅਤੇ ਏਸ ਸਾਰ ਭੋਜਨੀ ਅਹਾਰ ਦੇ ਆਸਰੇ ਰਹਿੰਦਾ ਹੈ। ਅਤੇ ਜਤੇ ਕਤੇ ਜਲੇ ਥਲੇ ਏਕੰਕਾਰੁ ਹੀ ਏਕੰਕਾਰੁ ਦੇਖਦਾ ਹੈ। ਅਤੇ ਏਕਾ ਨਿਰੰਕਾਰ ‘ਸਚੁ’ ਸਰਣੀ ਨਿਰਾਲਮ ਰਹਿੰਦਾ ਹੈ। ਇਕੋ ਨਿਰੰਕਾਰ ਹੀ ਪਰਮ ਸਚੁ ਹੈ। ਤਿਸ ਸਚ ਦੀ, ਮਹਿਵੂਲ ਜੋਤਿ-ਰਸ-ਮਗਨਤਾ ਮਈ ਸਰਨ ਵਿਖੇ ਹੀ ਰਹਿੰਦਾ ਹੈ। ਸਚ ਜੋਤਿ ਅਪਾਰੀਆ ਆਤਮ ਅੰਸੀ ਗੁਰਮੁਖ ਹੀ ਹੰਸਲਾ ਹੈ। ਏਕਾ ਸਚੁ ਕਰਣੀ ਕਮਾਉਂਦਾ ਹੋਇਆ ਨਿਰਾਲਮ (ਨਿਰਲੇਪ) ਰਹਿੰਦਾ ਹੈ। ਏਹ ਪਰਮ ਪਦ, ਗੁਰ ਚਰਨ ਸਰਨ ਸੇਵਾ ਤੋਂ ਹੀ ਪ੍ਰਾਪਤਿ ਹੁੰਦਾ ਹੈ। ਏਹ ਪਰਮ ਪਦ ਪਾ ਕੇ ਅਤੇ ‘ਸਚੁ’ ਨੂੰ ਪਰਤੱਖ ਦੇਖ ਕੇ ਮਨੂਆ ਮਨ ਦੀ ਬਿਵਸਥਾ ਤੋਂ ਪਲਟ ਕੇ ਜੋਤਿ ਸਰੂਪ ਆਤਮ ਅੰਸੀਆਂ ਬਣ ਜਾਂਦਾ ਹੈ। ਇਉਂ “ਮਨ ਤੇ ਮਨੁ ਮਾਨਿਆ” ਦੇ ਭਾਵ ਅਨੁਸਾਰ ਆਤਮੇ ਨੂੰ ਆਤਮੇ ਦੀ ਪਰਤੀਤ ਆਉਂਦੀ ਹੈ ਅਤੇ ਹਉਮੈ ਤੋਂ ਉਪਜੀ ਭ੍ਰਾਤੀ (ਭ੍ਰਮਣੀ) ਚੁੱਕ ਜਾਂਦੀ ਹੈ।

ਜੋ ਭਗਤ ਸੰਤ ਜਨ ਤਾਰਿਆ ਹੈ ਤਾਰਨਹਾਰੇ ਨੇ, ਬਸ ਇਨਿ ਬਿਧਿ ਹੀ ਤਾਰਿਆ ਹੈ। ਗੁਰਮਤਿ ਨਾਮੁ ਜਪ ਜਪ ਕੇ, ਸਚੁ ਰੰਗਿ ਰਪ ਰਪ ਕੇ, ਹਰ ਇਕ ਗੁਰਮੁਖਿ ਸੰਤ ਭਗਤ ਜਨ ਨਿਸਤਾਰਿਆ ਗਿਆ ਹੈ। ਜਿਨ੍ਹਾਂ ਗੁਰਮੁਖਾਂ ਨੇ ਸਤਿ ਪੁਰਖੁ ਪ੍ਰਭੂ ਰੂਪੀ ‘ਸਚੁ’ ਪਾ ਲਿਆ ਹੈ, ਤਿਨ੍ਹਾਂ ਨੇ ਹੋਰ ਕੂੜਾਵੇ ਸੱਚ ਦੀ ਭਾਲ ਟੋਲ ਸਭ ਛਡਿ ਦਿਤੀ ਹੈ। ਗੁਰਮਤਿ ਸੱਚ ਦੀ ਢੂੰਡ (ਤਲਾਸ਼) ਜਿਨ੍ਹਾਂ ਗੁਰਮੁਖ ‘ਸਚੁ’ ਢੂੰਡਾਊਆਂ ਨੇ ਢੂੰਡਿ ਲਈ ਹੈ, ਤਿਨ੍ਹਾਂ ਦਾ ਸੱਚੇ ਸਾਹਿਬ ਦੇ ਸਾਚ ਮਹਲ ਵਿਚਿ ਨਿਵਾਸ ਹੋ ਗਿਆ ਹੈ। ਉਹ ਸਾਚੁ ਮਹਲੁ ਐਸਾ ਹੈ, ਅਤੇ ਏਵਡ ਅਪਰੰਪਰ ਹੈ ਜਿਥੇ ਮਾਇਆ ਦੀ ਛਾਉਂ (ਛਾਇਆ) ਭੀ ਅਪੜ ਨਹੀਂ ਸਕਦੀ, ਨਾ ਪੋਹ ਸਕਦੀ ਹੈ। ਉਥੇ ਬਸ, ‘ਸਚੁ’ ਵਿਖੇ ਹੀ ਸੰਤੋਖੇ ਰਹੀਦਾ ਹੈ। ‘ਸਚੁ’ ਪਰਕਾਸ਼ ਦਾ ਐਸਾ ਚਾਨਣੁ ਉਥੇ ਹੁੰਦਾ ਹੈ ਕਿ ਛਾਇਆ ਮਾਇਆ ਮਈ ਭਰਮ ਦਾ ਮੁਸ਼ਕ ਭੀ ਨਹੀਂ ਰਹਿੰਦਾ। ਭਰਮ ਦੇ ਛਉੜ ਮੂਲੋਂ ਕੱਟੇ ਜਾਂਦੇ ਹਨ।

ਜਿਨ੍ਹਾਂ ਦੇ ਹਿਰਦੇ ਵਿਖੇ ਐਸਾ ਸਚੁ, ਮਹਿਲ ਟਹਿਕੀਲੀਆ ਸਚੁ ਵਸਿਆ ਹੈ ਤਿਨ੍ਹਾਂ ਦੀ ਸੰਗਤਿ ਕੀਤਿਆਂ ਗੁਰਮੁਖ ਬਣੀਦਾ ਹੈ ਅਤੇ ਤਿਨ੍ਹਾਂ ਨੂੰ ਭੀ ਓੜਕ ਸੱਚ ਦੀ ਪ੍ਰਾਪਤੀ ਹੋ ਜਾਂਦੀ ਹੈ। ‘ਸਚੁ ਨਾਮੁ’ ਦੁਆਰਾ ਓਹਨਾਂ ਦੀ ਭੀ ਅਹੰ-ਭ੍ਰਮਣੀ ਮਈ ਮੈਲ ਖੋਹੀ ਜਾਂਦੀ ਹੈ।

ਜੋ ਭਗਤ ਸੰਤ ਜਨ ਤਾਰਿਆ ਹੈ ਤਾਰਨਹਾਰੇ ਨੇ, ਬਸ ਇਨਿ ਬਿਧਿ ਹੀ ਤਾਰਿਆ ਹੈ। ਗੁਰਮਤਿ ਨਾਮੁ ਜਪ ਜਪ ਕੇ, ਸਚੁ ਰੰਗਿ ਰਪ ਰਪ ਕੇ, ਹਰ ਇਕ ਗੁਰਮੁਖਿ ਸੰਤ ਭਗਤ ਜਨ ਨਿਸਤਾਰਿਆ ਗਿਆ ਹੈ। ਜਿਨ੍ਹਾਂ ਗੁਰਮੁਖਾਂ ਨੇ ਸਤਿ ਪੁਰਖੁ ਪ੍ਰਭੂ ਰੂਪੀ ‘ਸਚੁ’ ਪਾ ਲਿਆ ਹੈ, ਤਿਨ੍ਹਾਂ ਨੇ ਹੋਰ ਕੂੜਾਵੇ ਸੱਚ ਦੀ ਭਾਲ ਟੋਲ ਸਭ ਛਡਿ ਦਿਤੀ ਹੈ। ਗੁਰਮਤਿ ਸੱਚ ਦੀ ਢੂੰਡ (ਤਲਾਸ਼) ਜਿਨ੍ਹਾਂ ਗੁਰਮੁਖ ‘ਸਚੁ’ ਢੂੰਡਾਊਆਂ ਨੇ ਢੂੰਡਿ ਲਈ ਹੈ, ਤਿਨ੍ਹਾਂ ਦਾ ਸੱਚੇ ਸਾਹਿਬ ਦੇ ਸਾਚ ਮਹਲ ਵਿਚਿ ਨਿਵਾਸ ਹੋ ਗਿਆ ਹੈ। ਉਹ ਸਾਚੁ ਮਹਲੁ ਐਸਾ ਹੈ, ਅਤੇ ਏਵਡ ਅਪਰੰਪਰ ਹੈ ਜਿਥੇ ਮਾਇਆ ਦੀ ਛਾਉਂ (ਛਾਇਆ) ਭੀ ਅਪੜ ਨਹੀਂ ਸਕਦੀ, ਨਾ ਪੋਹ ਸਕਦੀ ਹੈ। ਉਥੇ ਬਸ, ‘ਸਚੁ’ ਵਿਖੇ ਹੀ ਸੰਤੋਖੇ ਰਹੀਦਾ ਹੈ। ‘ਸਚੁ’ ਪਰਕਾਸ਼ ਦਾ ਐਸਾ ਚਾਨਣੁ ਉਥੇ ਹੁੰਦਾ ਹੈ ਕਿ ਛਾਇਆ ਮਾਇਆ ਮਈ ਭਰਮ ਦਾ ਮੁਸ਼ਕ ਭੀ ਨਹੀਂ ਰਹਿੰਦਾ। ਭਰਮ ਦੇ ਛਉੜ ਮੂਲੋਂ ਕੱਟੇ ਜਾਂਦੇ ਹਨ। ਜਿਨ੍ਹਾਂ ਦੇ ਹਿਰਦੇ ਵਿਖੇ ਐਸਾ ਸਚੁ, ਮਹਿਲ ਟਹਿਕੀਲੀਆ ਸਚੁ ਵਸਿਆ ਹੈ ਤਿਨ੍ਹਾਂ ਦੀ ਸੰਗਤਿ ਕੀਤਿਆਂ ਗੁਰਮੁਖ ਬਣੀਦਾ ਹੈ ਅਤੇ ਤਿਨ੍ਹਾਂ ਨੂੰ ਭੀ ਓੜਕ ਸੱਚ ਦੀ ਪ੍ਰਾਪਤੀ ਹੋ ਜਾਂਦੀ ਹੈ।

ਗੁਰਮਤਿ ‘ਸਚੁ’ ਸਿਧਾਂਤ ਦੇ ਪ੍ਰਕਰਣ ਪ੍ਰਥਾਇ ਹੋਰ ਅਨੇਕਾਂ ਗੁਰਵਾਕ ਪ੍ਰਮਾਣ ਵਜੋਂ ਦਿਤੇ ਜਾ ਸਕਦੇ ਹਨ। ਸਮੱਗਰ ਗੁਰਬਾਣੀ ਏਹਨਾਂ ‘ਸਚੁ’-ਸਿਧਾਂਤੀ ਪ੍ਰਮਾਣਾਂ ਨਾਲਿ ਭਰੀ ਪਈ ਹੈ। ਅਸੀਂ ਐਵੇਂ ਉਤੇ ਦੀ ਲੰਘ ਜਾਂਦੇ ਹਾਂ, ਗੁਰਮਤਿ ‘ਸਚੁ’ ਸਿਧਾਂਤ ਨੂੰ ਨਹੀਂ ਜਾਂਚਦੇ। ਹੋਰ ਤਾਂ ਹੋਰ ਨਿਤਾਪ੍ਰਤੀ ਸਿਰੀ ਆਸਾ ਜੀ ਦੀ ਵਾਰ ਅੰਦਰਿ ਗੁਰਮਤਿ ‘ਸਚੁ’-ਸਿਧਾਂਤੀ ਗੁਰਵਾਕ ਪੜ੍ਹਦੇ ਹਾਂ, ਪਰ ਪੜ੍ਹਨਹਾਰਿਆਂ ਨੂੰ ਪਤਾ ਹੀ ਨਹੀਂ ਲਗਦਾ ਕਿ ਇਥੇ ‘ਸਚੁ’ ਦਾ ਕੀ ਸਿਧਾਂਤ ਹੈ। ਪਿਛੇ ਦਿਤੇ ਤੇ ਵਿਆਖਿਆ ਕੀਤੇ ਸਮੁਚੇ ‘ਸਚੁ’ ਪ੍ਰਕਰਣੀ ਸਿਧਾਂਤਾਂ ਦੀ ਰੌਸ਼ਨੀ ਵਿਚਿ ਸਿਰੀ ਆਸਾ ਜੀ ਦੀ ਵਾਰ ਵਿਚਿ ਆਏ ਹੇਠ ਲਿਖੇ ਗੁਰ-ਪ੍ਰਮਾਣ ਭੀ ਓਹੋ ਅਰਥ ‘ਸਚੁ’ ਦੇ ਰਖਦੇ ਹਨ ਜਿਨ੍ਹਾਂ ਦਾ ਸਿਧਾਂਤ ਕਿ ਵਿਸਥਾਰ ਪੂਰਬਕ ਨਿਰਣੈ ਕੀਤਾ ਗਿਆ ਹੈ:

**ਨਾਨਕ ਸਚੁ ਧਿਆਇਨਿ ਸਚੁ ॥੧॥੨॥ (ਸਲੋਕ ਮ.੧, ਪੰਨਾ :੪੬੩)**

**ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ੀ ਵਿਚਹੁ ਆਪੁ ਗਵਾਇਆ ॥**
**ਜਿਨਿ ਸਚੋ ਸਚੁ ਬੁਝਾਇਆ ॥੪॥ (ਪੰਨਾ : ੪੬੫)**

**ਸੇਵ ਕੀਤੀ ਸੰਤੋਖੀਈ ਜਿਨ੍ੀ ਸਚੋ ਸਚੁ ਧਿਆਇਆ ॥੭॥ (ਪੰਨਾ : ੪੬੬-੬੭)**

**ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥**
**ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ੀ ਸਚੁ ਕਮਾਇਆ ॥**
**ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ ਕੈ ਹਿਰਦੈ ਸਚੁ ਵਸਾਇਆ ॥**
**ਮੂਰਖ ਸਚੁ ਨ ਜਾਣਨ੍ੀ ਮਨਮੁਖੀ ਜਨਮੁ ਗਵਾਇਆ ॥**
**ਵਿਚਿ ਦੁਨੀਆ ਕਾਹੇ ਆਇਆ ॥੮॥ (ਪੰਨਾ : ੪੬੭)**

**ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥**
**ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥**
**ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥**
**ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖੁ ਦੁਆਰੁ ॥**
**ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥**
**ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥**
**ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥**
**ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥**
**ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥**
**ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥**
**ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥**
**ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥੧੦॥**

(ਮ. ੧, ਪੰਨਾ : ੪੬੮) ▪▪

# ਵਾਹਿਗੁਰੂ ਅੱਖਰਾਂ ਤੋਂ ਬਾਹਰ

ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

*ਵਾਹਿਗੁਰੂ ਨੇ ਹੋਰ ਸਾਰੇ ਤ੍ਰਿਗੁਣੀ ਤ੍ਰਿਭਵਣ ਦ੍ਰਿਸ਼ਮਾਨ ਅੱਖਰਾਂ ਦੀ ਬਣਤਰ ਵਾਲੇ ਹੀ ਹਨ। ਏਹਨਾਂ ਦ੍ਰਿਸ਼ਟਮਾਨ ਅੱਖਰਾਂ ਦੀ ਬਣਤਰੀ ਹੀ ਬੇਦ ਆਦਿਕ ਆਨਮਤੀ ਪੁਸਤਕ ਹਨ। ਏਹਨਾਂ ਦੀ ਬੀਚਾਰ ਭੀ ਜੋ ਵੀਚਾਰਦੇ ਹਨ, ਸਭ ਦ੍ਰਿਸ਼ਟਮਾਨ ਤ੍ਰੈਗੁਣੀ ਅੱਖਰਾਂ ਦੁਆਰਾ ਹੀ ਵਿਚਾਰਦੇ ਹਨ। ਸ਼ਾਸਤ੍ਰ ਸਿਮ੍ਰਿਤਿ ਪੁਰਾਣ ਆਦਿਕ ਭੀ ਏਹਨਾਂ ਦ੍ਰਿਸ਼ਟਮਾਨ ਅੱਖਰਾਂ ਦੀ ਬਣਤਰ ਹਨ। ਏਹਨਾਂ ਦਾ ਕਥਨ ਤੇ ਵਖਿਆਨ ਆਦਿਕ ਭੀ ਦ੍ਰਿਸ਼ਟਮਾਨ ਅੱਖਰਾਂ ਪੂਰਤ ਹੀ ਹੈ। ਆਨਮਤੀ ਪੁਸਤਕਾਂ ਦੀ ਬਣਤਰ ਭੈ ਭਰਮ ਮਈ ਮੁਕਤਿ ਜੁਗਤਿ ਵਾਲੇ ਅੱਖਰਾਂ ਸੰਜੁਕਤ ਹੈ। ਆਨਮਤ ਧਰਮ ਵਿਚ ਵਿਸਥਾਰੇ ਕਰਮ ਕਾਂਡ ਆਦਿਕ ਸੁਚਤਾ ਦੇ ਅਸੂਲ ਭੀ ਦ੍ਰਿਸ਼ਟਮਾਨ ਬਨਾਵਟੀ ਅੱਖਰਾਂ ਦੇ ਬਣਾਏ ਹੋਏ ਹਨ। ਸਾਰਾ ਤ੍ਰੈਗੁਣੀ ਦ੍ਰਿਸ਼ਟਮਾਨ ਪਸਾਰਾ ਦ੍ਰਿਸ਼ਟਮਾਨ ਅੱਖਰਾਂ ਦਾ ਹੀ ਅਖੱਰਕ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਕੇਵਲ ਪਾਰਬ੍ਰਹਮ ਪਰਮੇਸ਼ਰ ਪਰਮਾਤਮਾ (ਵਾਹਿਗੁਰੂ) ਹੀ ਏਹਨਾਂ ਦ੍ਰਿਸ਼ਟਮਾਨ ਅੱਖਰਾਂ ਤੋਂ ਨਿਰਲੇਪ ਹੈ।*

**ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥ ਅਖਰ ਕਰਿ ਕਰਿ ਬੇਦ ਬੀਚਾਰੇ ॥**
**ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥ ਅਖਰ ਨਾਦ ਕਥਨ ਵਖ੍ਯਾਨਾ ॥**
**ਅਖਰ ਮੁਕਤਿ ਜੁਗਤਿ ਭੈ ਭਰਮਾ ॥ ਅਖਰ ਕਰਮ ਕਿਰਤਿ ਸੁਚ ਧਰਮਾ ॥**
**ਦ੍ਰਿਸਟਿਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥੫੪॥**
**(ਪਉੜੀ, ਗਉੜੀ ਬਾਵਨ ਅਖਰੀ ਮ: ੫, ਪੰਨਾ: ੨੬੧)**

**ਪਰਮਾਤਮਾ ਵਾਹਿਗੁਰੂ ਦ੍ਰਿਸ਼ਟਮਾਨ ਅੱਖਰਾਂ ਦੀ ਬਣਤਰ ਤੋਂ ਨਿਰਲੇਪ ਹੈ।**

ਵਾਹਿਗੁਰੂ ਨੇ ਹੋਰ ਸਾਰੇ ਤ੍ਰਿਗੁਣੀ ਤ੍ਰਿਭਵਣ ਦ੍ਰਿਸ਼ਮਾਨ ਅੱਖਰਾਂ ਦੀ ਬਣਤਰ ਵਾਲੇ ਹੀ ਹਨ। ਏਹਨਾਂ ਦ੍ਰਿਸ਼ਟਮਾਨ ਅੱਖਰਾਂ ਦੀ ਬਣਤਰੀ ਹੀ ਬੇਦ ਆਦਿਕ ਆਨਮਤੀ ਪੁਸਤਕ ਹਨ। ਏਹਨਾਂ ਦੀ ਬੀਚਾਰ ਭੀ ਜੋ ਵੀਚਾਰਦੇ ਹਨ, ਸਭ ਦ੍ਰਿਸ਼ਟਮਾਨ ਤ੍ਰੈਗੁਣੀ ਅੱਖਰਾਂ ਦੁਆਰਾ ਹੀ ਵਿਚਾਰਦੇ ਹਨ।

ਸ਼ਾਸਤ੍ਰ ਸਿਮ੍ਰਿਤਿ ਪੁਰਾਣ ਆਦਿਕ ਭੀ ਏਹਨਾਂ ਦ੍ਰਿਸ਼ਟਮਾਨ ਅੱਖਰਾਂ ਦੀ ਬਣਤਰ ਹਨ। ਏਹਨਾਂ ਦਾ ਕਥਨ ਤੇ ਵਖਿਆਨ ਆਦਿਕ ਭੀ ਦ੍ਰਿਸ਼ਟਮਾਨ ਅੱਖਰਾਂ ਪੂਰਤ ਹੀ ਹੈ। ਆਨਮਤੀ ਪੁਸਤਕਾਂ ਦੀ ਬਣਤਰ ਭੈ ਭਰਮ ਮਈ ਮੁਕਤਿ ਜੁਗਤਿ ਵਾਲੇ ਅੱਖਰਾਂ ਸੰਜੁਕਤ ਹੈ।

ਆਨਮਤ ਧਰਮ ਵਿਚ ਵਿਸਥਾਰੇ ਕਰਮ ਕਾਂਡ ਆਦਿਕ ਸੁਚਤਾ ਦੇ ਅਸੂਲ ਭੀ ਦ੍ਰਿਸ਼ਟਮਾਨ ਬਨਾਵਟੀ ਅੱਖਰਾਂ ਦੇ ਬਣਾਏ ਹੋਏ ਹਨ। ਸਾਰਾ ਤ੍ਰੈਗੁਣੀ ਦ੍ਰਿਸ਼ਟਮਾਨ ਪਸਾਰਾ ਦ੍ਰਿਸ਼ਟਮਾਨ ਅੱਖਰਾਂ ਦਾ ਹੀ ਅਖੱਰਕ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਕੇਵਲ ਪਾਰਬ੍ਰਹਮ ਪਰਮੇਸ਼ਰ ਪਰਮਾਤਮਾ (ਵਾਹਿਗੁਰੂ) ਹੀ ਏਹਨਾਂ ਦ੍ਰਿਸ਼ਟਮਾਨ ਅੱਖਰਾਂ ਤੋਂ ਨਿਰਲੇਪ ਹੈ।

ਵਾਹਿਗੁਰੂ ਨੇ ਜੋ ਤ੍ਰੈਗੁਣਾਂ ਵਾਲੀ ਸ੍ਰਿਸ਼ਟੀ ਉਤਪੰਨ ਕੀਤੀ ਹੋਈ ਹੈ, ਉਹ ਸਾਰੀ ਤ੍ਰੈਗੁਣੀ ਬੋਲੀ ਦੇ ਅੱਖਰਾਂ ਦੁਆਰਾ ਹੀ ਮਹਿਦੂਦ ਹੈ। ਕੇਵਲ ਵਾਹਿਗੁਰੂ ਹੀ ਇਹਨਾਂ ਦ੍ਰਿਸ਼ਟਮਾਨ ਅੱਖਰਾਂ ਦੀ ਕੈਦ ਤੋਂ ਬਾਹਰ ਹੈ। ਵਾਹਿਗੁਰੂ ਨਾਮ ਦੀ ਬਣਤਰ ਭੀ ਤੁਰੀਆ ਗੁਣੀ ਅਦ੍ਰਿਸ਼ਟ ਬਣਤਰੀ ਅੱਖਰਾਂ ਦੀ ਹੈ, ਜੋ ਅੱਖਰ ਏਹਨਾਂ ਦ੍ਰਿਸ਼ਟਮਾਨ ਅੱਖਰਾਂ ਵਿਚ ਹੈ ਹੀ ਨਹੀਂ।

**ਬੇਦ ਪੁਰਾਨ ਸਿੰਮ੍ਰਿਤਿ ਸੁਧਾਖੵਰ ॥ ਕੀਨੇ ਰਾਮ ਨਾਮ ਇਕ ਆਖੵਰ ॥੧॥੧॥**
**(ਗਉੜੀ ਸੁਖਮਨੀ ਮ: ੫, ਪੰਨਾ: ੨੬੨)**

ਸੁਧ ਅੱਖਰੀ ਬੇਦ ਪੁਰਾਨ ਸਿਮ੍ਰਿਤਿ ਸ਼ਾਸਤ੍ਰ ਅਦਿਕ ਇਕੋ ਵਾਹਿਗੁਰੂ ਨਾਮ ਦੇ ਅਦ੍ਰਿਸ਼ਟ ਅੱਖਰ ਦੇ ਕੀਤੇ ਹੋਏ ਹੀ ਹਨ। ਭਾਵ, ਬੇਦ ਪੁਰਾਨ ਸਿਮ੍ਰਿਤਿ ਸ਼ਾਸਤ੍ਰ ਆਦਿਕ ਪੁਸਤਕ ਚਾਹੇ ਕਿੰਨੇ ਹੀ ਸੁਧ ਅੱਖਰਾਂ ਦੇ ਲਿਖੇ ਹੋਏ ਹਨ, ਪਰ ਇਹ ਸੁਧ ਅੱਖਰ ਦ੍ਰਿਸ਼ਟਮਾਨ ਅੱਖਰਾਂ ਦੀ ਬਣਤਰ ਵਾਲੇ ਹੀ ਹਨ। ਏਹਨਾਂ ਸਭਨਾਂ ਦੇ ਸਿਰ 'ਤੇ ਤੁਰੀਆ ਗੁਣੀ ਅਦ੍ਰਿਸ਼ਟ ਅੱਖਰੀ ਵਾਹਿਗੁਰੂ ਨਾਮ ਦਾ ਇਕ ਅੱਖਰ ਹੀ ਏਹਨਾਂ ਪੁਸਤਕਾਂ ਦੀ ਬਣਤਰ ਦੇ ਡੰਡੇ ਵਾਲਾ ਹੈ।

ਨਾਮੀ ਵਾਹਿਗੁਰੂ ਦੀ ਨਿਆਈਂ ਵਾਹਿਗੁਰੂ ਨਾਮ ਭੀ ਸਾਰੀ ਕਾਇਨਾਤ ਵਿਚ ਰਮਿਆ ਹੋਇਆ, ਰਮਿਆ ਹੋਇਆ ਹੁੰਦਾ ਭੀ ਇਸ ਕਾਇਨਾਤੀ ਬਣਤਰ ਤੋਂ ਉੱਕਾ ਹੀ ਅਲੇਪ ਨਿਰਲੇਪ ਹੈ। ਉਹ ਕੇਵਲ ਗੁਰਮਤਿ ਹੀ ਹੈ ਜੋ ਇਸ ਤੁਰੀਆ ਗੁਣੀ ਅਦ੍ਰਿਸ਼ਟ ਗੁਰਮਤਿ ਨਾਮ ਦੀ ਨਿਰਲੇਪ ਬਣਤਰ ਨੂੰ ਦ੍ਰਿੜ੍ਹਾਉਂਦੀ ਵਿਦਤਾਉਂਦੀ ਹੈ। 'ਕੀਨੇ' ਪਦ ਤੋਂ ਭਾਵ ਕੀਤੇ ਹੋਏ।

ਜੋ ਗਿਆਨੀ ਵੇਦ-ਭਗਤ ਇਸ ਪੰਗਤੀ ਦੇ ਇਸ ਬਿਧਿ ਅਰਥ ਕਰਦੇ ਹਨ ਕਿ ਬੇਦ ਸ਼ਾਸਤ੍ਰ ਪੁਰਾਨ ਨੇ ਭੀ ਇਕੋ ਨਾਮ ਨੂੰ ਦ੍ਰਿੜ੍ਹਾਇਆ ਹੈ, ਉਹ ਬੜੇ ਹੀ ਮਹਾਂ ਗ਼ਲਤੀ ਵਾਲੇ ਅਰਥ ਹਨ, ਕਿਉਂਕਿ ਗੁਰਬਾਣੀ ਦੀ ਲਗ ਮਾਤ੍ਰੀ ਨਿਯਮਾਂਵਲੀ ਅਨੁਸਾਰ ਇਹ ਅਰਥ ਏਹਨਾਂ ਵੇਦ-ਭਗਤ ਅਗਿਆਨੀਆਂ ਦੇ ਕੀਤੇ ਹੋਏ ਪੂਰੇ ਹੋ ਨਹੀਂ ਉਤਰਦੇ, ਕਿਉਂਕਿ ਨਾ ਹੀ ਬੇਦ ਦੇ ਦੱਦੇ ਨੂੰ ਸਿਹਾਰੀ ਹੈ, ਨਾ ਪੁਰਾਨ ਦੇ ਨੰਨੇ ਨੂੰ ਹੈ। ਸਿਮ੍ਰਿਤੀ ਦਾ ਵਾਚਕ ਹੋਣ ਕਰਕੇ ਤੱਤੇ ਨੂੰ ਸਿਹਾਰੀ ਜੋ ਹੈ, ਉਹ 'ਨੇ' ਦਾ ਅਰਥ ਨਹੀਂ ਦਿੰਦੀ।

## ਗੁਰਬਾਣੀ ਦੀ ਪਾਰਸ-ਕਲਾ

# ਸਰਬ ਰੋਗ ਕਾ ਅਉਖਦੁ ਨਾਮੁ

**ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ**

*ਦਾਸ ਨੂੰ ਅੰਮ੍ਰਿਤ ਛਕਣ ਤੋਂ ਪਹਿਲਾਂ ਹੀ ਭਲੀ ਪਰਕਾਰ ਕਈ ਇਕ ਗੁਰਮਤਿ ਅਸੂਲਾਂ ਤੇ ਗੁਰੂ-ਘਰ ਦਿਆਂ ਅਕੀਦਿਆਂ ਦੀ ਸਚਾਈ ਉੱਤੇ ਦ੍ਰਿੜ੍ਹ ਭਰੋਸਾ ਹੋ ਚੁੱਕਾ ਸੀ। ਉਹਨਾਂ ਵਿਚੋਂ ਇਕ ਇਹ ਭੀ ਸੀ ਕਿ "ਸਰਬ ਰੋਗ ਕਾ ਅਉਖਦੁ ਨਾਮੁ" ਦੇ ਗੁਰਵਾਕ ਅਨੁਸਾਰ ਜਿਤਨੇ ਭੀ ਸਰੀਰਕ ਤੇ ਮਾਨਸਕ ਰੋਗ ਹਨ, ਸਭ ਦੀ ਦਾਰੂ-ਔਖਧੀ ਇਕ ਨਾਮ, ਕੇਵਲ ਨਾਮ ਹੈ। ਇਹ ਸਭ ਤੋਂ ਸੱਚੀ ਸ੍ਰੇਸ਼ਟ ਔਖਧੀ ਹੈ। ਇਸ ਵਿਸ਼ੇ 'ਤੇ ਕਈ ਵਾਰ ਪਿਤਾ ਹੋਰਾਂ ਨਾਲ ਚਰਚਾ ਹੋ ਪੈਂਦੀ ਸੀ, ਪਰ ਉਹ ਨਹੀਂ ਚਾਹੁੰਦੇ ਸਨ ਕਿ ਮੈਂ ਦਵਾਈਆਂ ਆਦਿਕ ਵਲੋਂ ਕਿਸ ਬੀਮਾਰੀ ਠੁਮਾਰੀ ਦੇ ਵੇਲੇ ਇਨਕਾਰੀ ਹੋਵਾਂ ਤੇ ਨਾ ਹੀ ਉਹਨਾਂ ਦਾ ਭਰੋਸਾ ਬਝਦਾ ਸੀ ਕਿ ਸਚਮੁਚ ਨਾਮ ਵਿਚ ਸਰਬ ਰੋਗਾਂ ਦੇ ਦਾਰੂ ਕਰਨ ਦੀ ਕਲਾ ਹੈ।*

ਦਾਸ ਨੂੰ ਅੰਮ੍ਰਿਤ ਛਕਣ ਤੋਂ ਪਹਿਲਾਂ ਹੀ ਭਲੀ ਪਰਕਾਰ ਕਈ ਇਕ ਗੁਰਮਤਿ ਅਸੂਲਾਂ ਤੇ ਗੁਰੂ-ਘਰ ਦਿਆਂ ਅਕੀਦਿਆਂ ਦੀ ਸਚਾਈ ਉੱਤੇ ਦ੍ਰਿੜ੍ਹ ਭਰੋਸਾ ਹੋ ਚੁੱਕਾ ਸੀ। ਉਹਨਾਂ ਵਿਚੋਂ ਇਕ ਇਹ ਭੀ ਸੀ ਕਿ "ਸਰਬ ਰੋਗ ਕਾ ਅਉਖਦੁ ਨਾਮੁ" ਦੇ ਗੁਰਵਾਕ ਅਨੁਸਾਰ ਜਿਤਨੇ ਭੀ ਸਰੀਰਕ ਤੇ ਮਾਨਸਕ ਰੋਗ ਹਨ, ਸਭ ਦੀ ਦਾਰੂ-ਔਖਧੀ ਇਕ ਨਾਮ, ਕੇਵਲ ਨਾਮ ਹੈ। ਇਹ ਸਭ ਤੋਂ ਸੱਚੀ ਸ੍ਰੇਸ਼ਟ ਔਖਧੀ ਹੈ। ਇਸ ਵਿਸ਼ੇ 'ਤੇ ਕਈ ਵਾਰ ਪਿਤਾ ਹੋਰਾਂ ਨਾਲ ਚਰਚਾ ਹੋ ਪੈਂਦੀ ਸੀ, ਪਰ ਉਹ ਨਹੀਂ ਚਾਹੁੰਦੇ ਸਨ ਕਿ ਮੈਂ ਦਵਾਈਆਂ ਆਦਿਕ ਵਲੋਂ ਕਿਸ ਬੀਮਾਰੀ ਠੁਮਾਰੀ ਦੇ ਵੇਲੇ ਇਨਕਾਰੀ ਹੋਵਾਂ ਤੇ ਨਾ ਹੀ ਉਹਨਾਂ ਦਾ ਭਰੋਸਾ ਬਝਦਾ ਸੀ ਕਿ ਸਚਮੁਚ ਨਾਮ ਵਿਚ ਸਰਬ ਰੋਗਾਂ ਦੇ ਦਾਰੂ ਕਰਨ ਦੀ ਕਲਾ ਹੈ। ਇਹ ਤਾਂ ਉਹ ਮੰਨਦੇ ਸਨ ਕਿ ਨਾਮ ਦਵਾਰਾ ਮਾਨਸਿਕ ਰੋਗਾਂ ਦੀ ਨਵਿਰਤੀ ਹੋ ਸਕਦੀ ਹੈ, ਪਰ ਸਰੀਰਕ ਰੋਗਾਂ ਦੀ ਔਖਧੀ ਉਹ ਨਾਮ ਨੂੰ ਨਾ ਹੀ ਸਮਝਦੇ ਤੇ ਨਾ ਹੀ ਮੰਨਦੇ ਸਨ।

ਕੁਦਰਤ ਐਸੀ ਬਣੀ ਕਿ ਉਹ ਇਕ ਵਾਰ ਬੀਮਾਰ ਹੋ ਗਏ। ਬੀਮਾਰ ਭੀ ਐਸੇ ਸਖ਼ਤ ਹੋਏ ਕਿ ਲੁਧਿਆਣੇ ਹਸਪਤਾਲ ਵਿਚ ਉਹਨਾਂ ਨੂੰ ਲਿਜਾਣਾ ਪਿਆ। ਦਾਸ ਉਹਨਾਂ ਦੀ ਸੇਵਾ ਖ਼ਾਤਰ ਨਾਲ ਗਿਆ। ਇਕ ਦੋ ਹੋਰ ਸੇਵਾਦਾਰ ਨੌਕਰ ਭੀ ਸਾਥ ਲੈ ਲਏ। ਤੇ ਇਕ ਦੋ ਸੰਬੰਧੀ ਪਿੰਡ ਵਿਚੋਂ, ਜੋ ਉਹਨਾਂ ਦੇ ਬੜੇ ਹਿਤੂ ਸਨ, ਉਹ ਭੀ ਸੰਗ ਹੋ ਗਏ। ਹਸਪਤਾਲ ਜਾ ਕੇ ਇਕ ਸਪੈਸ਼ਲ ਕਮਰਾ ਲਿਆ ਗਿਆ ਤੇ ਦਾਰੂ ਬੂਟੀ ਦਵਾਰਾ ਇਲਾਜ ਅਰੰਭ ਹੋਇਆ। ਮੇਰੀ ਮਨਸ਼ਾ ਉਹਨਾਂ ਨੂੰ ਇਥੇ ਲਿਆ ਕੇ ਇਲਾਜ ਕਰਾਉਣ ਦੀ ਨਹੀਂ ਸੀ, ਪ੍ਰੰਤੂ ਪਿਤਾ ਹੋਰਾਂ ਦੀ ਅਤੇ ਸਰਬ ਸੰਬੰਧੀਆਂ ਦੀ ਪ੍ਰਬਲ ਰਾਇ ਦੇ ਸਾਹਮਣੇ ਮੇਰੀ ਮਨਸ਼ਾ ਦੀ ਕੀ ਹੈਸੀਅਤ ਸੀ। ਸੇਵਾ ਦਾ ਅਵਸਰ ਹੱਥ ਲਗਾ ਦੇਖ ਕੇ ਮੈਂ ਭੀ ਨਾਲ ਹੀ ਤੁਰ ਪਿਆ। ਤੇ ਪਿਤਾ ਹੋਰੀ ਭੀ ਮੈਨੂੰ ਨਾਲ ਲੈ ਜਾਣ ਵਿਚ ਬਹੁਤ ਖਿੱਚ ਕਰਦੇ ਸਨ। ਇਲਾਜ ਅਰੰਭ ਹੋਏ ਨੂੰ ਹਫ਼ਤਾ ਬੀਤ ਗਿਆ। ਪਰ ਕੁਛ ਭੀ ਆਰਾਮ ਤੇ ਫ਼ਾਇਦਾ ਮਰਜ਼ (ਰੋਗ) ਨੂੰ ਨਾ ਹੋਇਆ। ਤੇ ਉਹਨਾਂ ਹੀ ਦਿਨਾਂ ਵਿਚ ਸ਼ਹਿਰ ਵਿਚ ਮਲੇਰੀਏ ਤਾਪ ਦੀ ਬੀਮਾਰੀ ਬਹੁਤ ਜ਼ੋਰਾਂ ਤੇ ਫ਼ੈਲੀ ਹੋਈ ਸੀ। ਚਾਹੇ ਹਸਪਤਾਲ ਸ਼ਹਿਰ ਤੋਂ ਬਹੁਤ ਦੂਰ ਸੀ, ਪਰ ਔਸ਼ਧੀ ਤੇ ਸਿਹਤ ਸਬੰਧੀ ਖ਼ਾਸ ਖ਼ੁਰਾਕ (Diet) ਦੇ ਪ੍ਰਬੰਧ ਖ਼ਾਤਰ ਦਿਨ ਵਿਚ ਕਈ ਕਈ ਵਾਰ ਸ਼ਹਿਰ ਜਾਣਾ ਪੈਂਦਾ ਸੀ। ਹਫ਼ਤੇ ਦੇ ਅੰਦਰ ਅੰਦਰ ਸਾਰੇ ਆਦਮੀ ਬੁਖ਼ਾਰ ਨਾਲ ਬੀਮਾਰ ਹੋ ਕੇ ਘਰ ਨੂੰ ਚਲੇ ਗਏ। ਇਕ ਦਾਸ ਹੀ ਇਕੱਲਾ ਪਿਤਾ ਹੋਰਾਂ ਦੇ ਪਾਸ ਰਹਿ ਗਿਆ। ਪਿੰਡੋਂ ਹੋਰ ਆਦਮੀ ਸੇਵਾ ਵਾਸਤੇ ਭੇਜੇ ਗਏ। ਪਰ ਜੋ ਆਵੇ ਸੋ ਬੀਮਾਰ ਹੋ ਜਾਵੇ। ਜਲੰਧਰੋਂ ਸਾਡੇ ਰਿਸ਼ਤੇਦਾਰ ਸਰਦਾਰ ਉਤਮ ਸਿੰਘ ਜੀ ਪਲੀਡਰ ਕੋਲੋਂ ਆਪਣਾ ਪੁਰਾਣਾ ਨੌਕਰ ਖੜਕੂ ਮੰਗਵਾਇਆ। ਉਹ ਭੀ ਆਉਂਦੇ ਸਾਰ ਹੀ ਬੁਖ਼ਾਰ ਨਾਲ ਚਿਤ ਹੋ ਗਿਆ। ਸਭ ਨੂੰ ਬੀਮਾਰ ਹੋ ਕੇ ਪਿਛਾਂਹ ਮੁੜਨਾ ਪਿਆ। ਦਾਸ ਹੀ ਦਾਸ ਫਿਰ ਇਕੱਲਾ ਰਹਿ ਗਿਆ। ਉਧਰ ਪਿਤਾ ਹੋਰਾਂ ਦੀ ਹਾਲਤ ਬਹੁਤ ਖ਼ਤਰਨਾਕ ਹੋ ਗਈ। ਮੈਨੂੰ ਬੜੀ ਮੁਸ਼ਕਲ ਤਾਂ ਇਹ ਪੇਸ਼ ਆਈ ਕਿ ਮੈਂ ਪਿਤਾ ਹੋਰਾਂ ਪਾਸ ਰਹਾਂ ਜਾਂ ਸ਼ਹਿਰ ਜਾ ਕੇ ਸੌਦਾ ਪੱਤਾ ਲਿਆਵਾਂ। ਇਸ ਤੋਂ ਬਿਨਾਂ ਮੈਨੂੰ ਕਈ ਕਈ ਵਾਰ ਦਿਨ ਵਿਚ ਡਾਕਟਰ ਫ਼ਤਹ ਚੰਦ ਸਿਵਲ ਸਰਜਨ ਦੀ ਕੋਠੀ (ਜੋ ਸ਼ਹਿਰ ਵਿਚ ਸੀ) ਜਾਣਾ ਪੈਂਦਾ, ਕਿਉਂਕਿ ਉਹ ਹਸਪਤਾਲ ਤਾਂ ਕਦੇ ਇਕ ਅੱਧੀ ਵਾਰ ਦਿਨ ਵਿਚ ਆਉਂਦਾ ਹੁੰਦਾ ਸੀ ਅਤੇ ਪਿਤਾ ਹੋਰਾਂ ਨੂੰ ਆਪਣੇ ਜ਼ੇਰ-ਇਲਾਜ ਰੱਖਿਆ ਹੋਇਆ ਸੀ। ਭਾਵੇਂ ਅਸਿਸਟੈਂਟ ਸਰਜਨ, ਇਨਚਾਰਜ ਹਾਸਪੀਟਲ, ਆਫੀਸਰ, ਤੇ ਦੂਜੇ ਹਾਸਪੀਟਲ ਅਸਿਸਟੈਂਟ ਭੀ ਹਰ ਵਕਤ ਦਾਰੂ-ਬੂਟੀ ਤੇ ਇਲਾਜ ਦੀ ਨਿਗਰਾਨੀ ਰਖਦੇ ਸਨ, ਪਰ ਸਿਵਲ ਸਰਜਨ ਨੇ ਮੈਨੂੰ ਆਖ ਛਡਿਆ ਸੀ ਕਿ ਤਿੰਨ ਤਿੰਨ ਘੰਟੇ ਪਸਚਾਤ ਖ਼ਬਰ ਪੁਚਾਉਂਦੇ ਰਹੋ। ਸੋ ਮੈਨੂੰ ਇਕੱਲੇ ਨੂੰ ਹੀ ਸਭ ਕੰਮ ਕਰਨੇ ਪੈਂਦੇ। ਭਾਦੋਂ ਦੀ ਕੜਕਦੀ ਧੁਪ ਤੇ ਹੁੰਮਸ ਵਿਚ ਤਿੱਖੜ ਦੁਪਹਿਰੇ ਹੀ ਫੇਰੇ ਪਾਉਣੇ ਪੈਂਦੇ।

ਓੜਕ ਮੈਨੂੰ ਬੁਖ਼ਾਰ ਹੋਰਾਂ ਨੇ ਆ ਮੂੰਹ ਦਿਖਾਇਆ। ਪਰ ਤਿੰਨ ਚਾਰ ਦਿਨ ਤਾਂ ਮੈਂ ਕੁਝ ਨਾ ਜਾਣਿਆ। ਬੁਖ਼ਾਰ ਦੇ ਵਿਚ ਹੀ ਫਿਰਦਾ ਤੁਰਦਾ ਤੇ ਬਦਸਤੂਰ ਸੇਵਾ ਕਰਦਾ ਰਿਹਾ। ਪੰਜਵੇਂ ਦਿਨ ਕਾਂਬੇ ਦਾ ਅਜਿਹਾ ਤਾਪ ਆ

ਕੇ ਟਹਿਲਾ ਕਰਨ ਲਗਾ ਕਿ ਅਟੁੱਟ ਟਹਿਲੇ ਦੁਆਰਾ ਕਲਾ ਹਰ ਲਈ ਤੇ ਮੈਨੂੰ ਬਿਸਤਰੇ ਉਪਰ ਡੇਗ ਲਿਆ। ਅਸਿਸਟੈਂਟ ਸਰਜਨ ਆਇਆ। ਮੈਨੂੰ ਦੇਖ ਕੇ ਬੋਲਿਆ ਕਿ ਦਵਾਈ ਖਾਉ। ਮੈਂ ਆਖਿਆ, ਮੈਂ ਨਹੀਂ ਖਾਣੀ। ਗੱਲ ਕੀ, ਬਹੁਤ ਸਾਰਾ ਸੰਬਾਦ ਉਸ ਦੇ ਨਾਲ ਹੋਇਆ। ਉਸ ਨੇ ਬਥੇਰਾ ਆਖਿਆ ਤੇ ਸਮਝਾਇਆ ਕਿ, 'ਦੇਖ ਤੇਰਾ ਪਿਤਾ ਐਸ ਵੇਲੇ ਮੌਤ ਦੇ ਮੂੰਹ ਪਿਆ ਹੈ, ਸਿਵਲ ਸਰਜਨ ਤੇ ਹੋਰ ਸਾਰੇ ਸ਼ਹਿਰ ਦੇ ਡਾਕਟਰ ਮਿਲ ਕੇ ਰਾਇ ਪਾਸ ਕਰ ਚੁੱਕੇ ਹਨ ਕਿ ੨੪ ਘੰਟਿਆਂ ਦੇ ਅੰਦਰ ਅੰਦਰ ਤੇਰੇ ਪਿਤਾ ਹੋਰੀਂ ਪਾਰ ਬੋਲਣਗੇ। ਬਚਣ ਦਾ ਕੋਈ ਢੰਗ ਨਹੀਂ। ਕੋਈ ਦਵਾਈ-ਇਲਾਜ ਕਾਰਗਰ ਨਹੀਂ ਹੋ ਸਕਦਾ। ਇਸ ਸਮੇਂ ਜੇ ਤੂੰ ਸੇਵਾ ਨਾ ਕਰੇਂ ਤਾਂ ਤੂੰ ਬੜਾ ਅਕ੍ਰਿਤਘਣ ਹੈਂ। ਤੇਰੇ ਬਿਨਾਂ ਹੋਰ ਕੋਈ ਐਥੇ ਨਹੀਂ। ਸਭ ਆਦਮੀ ਤੇਰੇ ਨਾਲ ਦੇ ਬੀਮਾਰ ਹੋ ਕੇ ਚਲੇ ਗਏ ਹਨ। ਹੁਣ ਤੂੰ ਭੀ ਰਹਿੰਦਾ ਖੂੰਹਦਾ ਡਿਗ ਪਿਆ ਹੈਂ। ਜੇ ਦਵਾਈ ਖਾ ਲਵੇਂਗਾ ਤਾਂ ਰਾਜ਼ੀ ਹੋ ਕੇ ਆਪਣੇ ਪਿਤਾ ਦੀ ਜਾਂਦੀ ਵਾਰ ਦੀ ਸੇਵਾ ਤਾਂ ਕਰ ਲਵੇਂਗਾ। ਤੇਰਾ ਅਰਮਾਨ ਤਾਂ ਬਾਕੀ ਨਾ ਰਹਿ ਜਾਊ, ਜਿਸ ਖ਼ਾਤਰ ਤੂੰ ਨਾਲ ਆਇਆ ਹੈਂ। ਅਤੇ ਹੁਣ ਤੀਕ ਜੋ ਇਤਨੀ ਸੇਵਾ ਘਾਲੀ ਹੈ ਜੇ ਅੰਤੀ ਅਉਸਰ ਦੀ ਸੇਵਾ ਨਾ ਕੀਤੀ ਤਾਂ ਸਭ ਨਿਸਫਲ ਹੀ ਜਾਵੇਗੀ। ਉਠ ਦਵਾਈ ਪੀ ਲੈ।'

ਦਾਸ ਨੇ ਕਹਿ ਸੁਣਾਇਆ ਕਿ ਤੁਹਾਡੀ ਜਿਸ ਦਵਾਈ ਨੇ ਹੁਣ ਤਾਈਂ ਮੇਰੇ ਪਿਤਾ ਜੀ ਨੂੰ ਰਾਜ਼ੀ ਨਹੀਂ ਕੀਤਾ ਤੇ ਤੁਹਾਨੂੰ ਹਫ਼ਤਿਆਂ ਦੇ ਹਫ਼ਤੇ ਦਵਾਈ ਦਿੰਦਿਆਂ ਤੇ ਇਲਾਜ ਕਰਦਿਆਂ ਨੂੰ ਗੁਜ਼ਰ ਗਏ, ਪਰ ਕੱਖ ਅਸਰ ਤੇ ਫ਼ਾਇਦਾ ਨਾ ਹੋਇਆ, ਅਤੇ ਜਿਸ ਤੁਹਾਡੀ ਦਵਾਈ ਨੇ ਮੇਰੇ ਨਾਲ ਦੇ ਆਦਮੀਆਂ ਦਾ ਮਲੇਰੀਆ-ਤਾਪ ਹਰਨ ਦੀ ਤਾਸੀਰ ਭੀ ਨਾ ਰੱਖੀ ਤਾਂ ਹੀ ਉਹਨਾਂ ਨੂੰ ਐਥੋਂ ਮੁੜ ਕੇ ਘਰੋ ਘਰੀ ਜਾਣਾ ਪਿਆ, ਤੁਹਾਡੀ ਉਸ ਦਵਾਈ ਨੇ ਮੇਰੇ ਉਪਰ ਹੁਣ ਕੀ ਖ਼ਾਕ ਅਸਰ ਕਰਨਾ ਹੈ। ਮੇਰੀ ਦਵਾਈ ਮੇਰੇ ਪਾਸ ਹੈ। ਜਾਓ, ਮੈਨੂੰ ਔਖਾ ਨਾ ਕਰੋ। ਮੈਂ ਤੁਹਾਡੀ ਦਵਾਈ ਦਵੂਈ ਕੋਈ ਨਹੀਂ ਲੈਣੀ।

ਮੇਰੇ ਇਤਨੇ ਕੋਰੇ ਕਰਾਰੇ ਉਤਰ ਪਰ ਉਹ ਬੜਾ ਤਾਮ-ਤੜੂਕ ਹੋਇਆ ਤੇ ਇਕ ਦੋ ਪੁੜੀਆਂ ਕਿਸੇ ਦਵਾਈ ਦੀਆਂ ਮੰਜੇ ਕੋਲ ਡਠੇ ਹੋਏ ਮੇਜ਼ ਪਰ ਰਖ ਕੇ ਤੇ ਇਸ ਬਿਧ ਤਾੜਨਾ ਪੂਰਬਕ ਧਮਕੀ ਦੇ ਕੇ ਚਲਿਆ ਗਿਆ ਕਿ ਦੇਖੋ, ਇਹ ਦੋ ਪੁੜੀਆਂ ਮੈਂ ਦਵਾਈ ਦੀਆਂ ਮੇਜ਼ ਪਰ ਰੱਖ ਚਲਿਆ ਹਾਂ। ਇਕ ਘੰਟੇ ਪਸਚਾਤ ਮੈਂ ਫਿਰ ਆਵਾਂਗਾ। ਜੇ ਤੈਂ ਮੇਰੇ ਪਿਛੋਂ ਇਹ ਪੁੜੀਆਂ ਖਾ ਲਈਆਂ ਤਦ ਤਾਂ ਭਲਾ, ਨਹੀਂ ਤਾਂ ਤੈਨੂੰ ਸਣੇ ਤੇਰੇ ਮਰਨਹਾਰੇ ਬਾਪ ਦੇ ਹਸਪਤਾਲੋਂ ਧੱਕੇ ਮਾਰ ਕੇ ਤੇ ਘੜੀਸ ਕੇ ਬਾਹਰ ਕੱਢ ਦਿਤਾ ਜਾਵੇਗਾ।

ਮੇਰੇ ਹਿਰਦੇ ਉਪਰ ਉਸ ਦੀ ਧਮਕੀ ਦਾ ਰਾਈ ਮਾਤਰ ਭੀ ਅਸਰ ਨਾ ਹੋਇਆ। ਇਕ ਵਾਰ ਬਲ ਧਾਰ ਕੇ ਪਿਤਾ ਹੋਰਾਂ ਦੇ ਪਾਸ ਗਿਆ, ਜੋ ਮੇਰੇ ਮੰਜੇ ਤੋਂ ਕਮਰੇ ਦੇ ਦੂਜੇ ਪਾਸੇ ਦੇ ਖੂੰਜੇ ਕੋਈ ਦਸ ਪੰਦਰ੍ਹਾਂ ਗਜ਼ ਦੇ ਫ਼ਾਸਲੇ ਤੇ ਪਲੰਘ ਪਰ ਬਿਰਾਜੇ ਬੇਹੋਸ਼ ਪਏ ਸਨ। ਮੈਂ ਜਾ ਕੇ ਕੀ ਦੇਖਿਆ ਕਿ ਨਬਜ਼ ਤਾਂ ਉਹਨਾਂ ਦੀ ਟੁਟ ਚਲੀ ਹੈ, ਲੱਤਾਂ ਬਾਹਾਂ ਠੰਢੀਆਂ ਪੈ ਰਹੀਆਂ ਹਨ, ਨੱਕ ਦੀ ਕੁਮਲੀ ਮੁੜ ਚੁੱਕੀ ਹੈ ਤੇ ਘੋਰੜੂ ਤਾਂ ਇਕ ਦੋ ਦਿਨ ਪਹਿਲਾਂ ਤੋਂ ਹੀ ਬਜ ਰਿਹਾ ਸੀ। ਅੱਖਾਂ ਤੋਂ ਦਿਸਣਾ ਤੇ ਕੰਨਾਂ ਤੋਂ ਸੁਣਨਾ ਭੀ ਪਹਿਲੇ ਦੋ ਦਿਨਾਂ ਤੋਂ ਬੰਦ ਹੋ ਚੁਕਾ ਸੀ, ਕਿਉਂਕਿ ਤਿੰਨ ਚਾਰ ਦਿਨਾਂ ਤੋਂ ਪਿਸ਼ਾਬ ਉੱਕਾ ਹੀ ਬੰਦ ਹੋ ਚੁਕਾ ਸੀ। ਬਥੇਰੇ ਕੈਥੀਟਰ (ਪਿਸ਼ਾਬ ਵਾਲੇ ਸੂਏ) ਲਗਾਏ ਪਰ ਪੇਸ਼ਾਬ ਨਾ ਹੀ ਉਤਰਿਆ। ਕਲ੍ਹ ਆਥਣੇ ਸਿਵਲ ਸਰਜਨ ਤੇ ਹੋਰ ਡਾਕਟਰ ਸਭ ਹਾਲਤ ਦੇਖ ਕੇ ਮੇਰੇ ਸਾਹਮਣੇ ਕਹਿ ਗਏ ਸਨ ਕਿ ਸਾਰੇ ਪੇਸ਼ਾਬ ਦਾ ਜ਼ਹਿਰ ਬਣ ਗਿਆ ਹੈ ਤੇ ਜ਼ਹਿਰ ਹੁਣ ਸਾਰੇ ਸਰੀਰ ਦੇ ਰਗੋ ਰੇਸ਼ੇ ਵਿਚ ਪ੍ਰਵੇਸ਼ ਕਰ ਚੁਕਾ ਹੈ। ਹੁਣ ਬਚਣ ਦੀ ਕੋਈ ਉਮੈਦ ਨਹੀਂ। ਤੇ ਮੈਨੂੰ ਆਖ ਗਏ ਸਨ ਕਿ ਬਿਹਤਰ ਹੈ ਦਿਨ ਚੜ੍ਹਦੇ ਹੀ ਆਪਣੇ ਪਿੰਡ ਨੂੰ ਤਾਰ ਦੇ ਦਿਉਂ (ਪਰ ਮੈਂ ਨਾ ਤਾਰ ਦੇ ਸਕਿਆ ਨਾ ਸ਼ਹਿਰ ਵਿਚ ਕਿਸੇ ਨੂੰ ਖ਼ਬਰ ਦੇ ਸਕਿਆ, ਕਿਉਂਕਿ ਦਿਨ ਚੜ੍ਹਦੇ ਨੂੰ ਮੈਂ ਭੀ ਮੰਜੇ ਉਤੇ ਡਿੱਗ ਚੁੱਕਾ ਸੀ)। ਹੁਣ ਪਰਤੱਖ ਨਾਜ਼ਕ ਹਾਲਤ ਆਖ਼ਰੀ ਸਮੇਂ ਦੀ ਵੇਖ ਕੇ ਮੈਂ ਕੁਛ ਡਾਵਾਂ ਡੋਲ ਜਿਹਾ ਹੋਣ ਲਗਾ ਤਾਂ ਮੇਰੇ ਅੰਦਰੋਂ ਆਵਾਜ਼ ਆਈ,

**"ਸਰਬ ਰੋਗ ਕਾ ਅਉਖਦੁ ਨਾਮੁ ॥"**

ਮੈਨੂੰ ਢਾਰਸ ਬੱਝੀ। ਮੇਰੇ ਵਿਚ ਸਿਦਕ ਉਛਾਲਾ ਮਾਰ ਉਠਿਆ। ਸਭ ਪਾਸਿਓਂ ਨਿਰਾਸੇ ਹੋ ਚੁੱਕੇ ਦੀ ਟੇਕ ਇਸ ਆਵਾਜ਼ ਪਰ ਟਿਕੀ, ਜੋ ਆਵਾਜ਼ ਕਿ ਮੇਰਾ ਇੰਚੀਆ-ਅਸੂਲ ਬਣ ਚੁੱਕੀ ਸੀ। ਗੁਪਤ ਅਰਦਾਸਾ ਸੋਧ ਕੇ ਆਪਣੇ ਮੰਜੇ ਪੁਰ ਜਾ ਲੰਮੀਆਂ ਤਾਣੀਆਂ, ਉਦਾਲੇ ਕੰਬਲ ਵਲ੍ਹੇਟ ਲਿਆ ਤੇ ਪਏ ਪਏ ਹੀ ਸ੍ਰੀ ਜਪੁਜੀ ਸਾਹਿਬ ਜੀ ਦੀ ਮਹਾਂ ਮੰਤ੍ਰ ਰੂਪ ਬਾਣੀ ਦਾ ਪਾਠ ਅਰੰਭ ਦਿੱਤਾ (ਕਿਉਂਕਿ ਬਾਣੀ ਤੋਂ ਵਖਰੇ ਨਾਮ ਦੀ ਤਾਂ ਅਜੇ ਮੈਨੂੰ ਗਿਆਤ ਹੀ ਨਹੀਂ ਸੀ ਤੇ ਬਾਣੀ ਨੂੰ ਹੀ ਨਾਮ ਸਰੂਪ ਸਮਝਦਾ ਸੀ)। ਇਹ ਪਾਠ ਮੈਂ ਆਪਣੇ ਮਨ ਹੀ ਮਨ ਵਿਚ ਸੁਰਤੀ ਦੁਆਰਾ ਕਰਨ ਲਗ ਪਿਆ (ਕਿਉਂਕਿ ਮੈਨੂੰ ਸੁਰਤੀ ਦਵਾਰਾ ਜਪੁਜੀ ਸਾਹਿਬ ਦੇ ਅਖੰਡਪਾਠ ਕਰਨ ਦਾ ਅਭਿਆਸ ਬਹੁਤ ਹੋ ਚੁੱਕਾ ਸੀ)। ਪੰਜ ਪਾਠਾਂ ਦਾ ਭੋਗ ਇਸੇ ਇਕਾਗਰ-ਬ੍ਰਿਤੀ ਨਾਲ ਪਾਇਆ। ਫੇਰ ਬ੍ਰਿਤੀ 'ਮੰਨੇ ਕੀ ਪਉੜੀ' ਵਿਚ ਅਜਿਹੀ ਜੁੜੀ ਕਿ ਮੁੜ ਮੁੜ ਉਸੇ ਪਉੜੀ ਦਾ ਪਾਠ ਹੋਈ ਜਾਵੇ, ਅਗਾਂਹ ਤੁਰੇ ਹੀ ਨਾ। ਇਤਨੇ ਨੂੰ ਮੇਰੀ ਸੁਰਤੀ ਜੁ ਖੁਲ੍ਹੀ ਤਾਂ ਕੀ ਦੇਖਦਾ ਹਾਂ ਕਿ ਮੇਰਾ ਸਰੀਰ ਮੁੜ੍ਹਕੋ ਮੁੜ੍ਹਕਾ (ਪਸੀਨੋ ਪਸੀਨਾ) ਹੋਇਆ ਪਿਆ ਹੈ ਅਤੇ ਤਾਪ ਤੂਪ ਕਿਤੇ ਨਹੀਂ। ਭੱਠ ਵਾਂਗੂ ਤਪ ਰਹੇ ਤਨ ਬਦਨ ਅੰਦਰ ਠੰਢ ਵਰਤ ਰਹੀ ਹੈ ਤੇ ਮੈਂ ਹੌਲਾ ਫੁੱਲ ਵਰਗਾ ਨਵਾਂ ਨਰੋਆ ਹੋ ਗਿਆ ਹਾਂ। ਝਟ ਪਸੀਨਾ ਪੂੰਝ ਕੇ ਸਾਵਧਾਨ ਹੋ ਖੜ੍ਹੋਤਾ ਤੇ ਪਿਤਾ ਹੋਰਾਂ ਵਲ ਔਲਿਆ ਕਿ ਦੇਖਾਂ ਉਹਨਾਂ ਦਾ ਕੀ ਹਾਲ ਹੈ। ਮੇਰੇ ਖ਼ਿਆਲ ਅੰਦਰ ਇਹ ਸੀ ਕਿ ਬੀਤ ਚੁਕੇ ਹੋਣਗੇ, ਪਰ ਜਦੋਂ ਮੈਂ ਨੇੜੇ ਗਿਆ ਤਾਂ ਕੀ ਦੇਖਦਾ ਹਾਂ ਕਿ ਉਹਨਾਂ ਦੀ ਪੈਂਦ ਵਲ ਪਿਆ ਪੇਸ਼ਾਬ ਵਾਲਾ ਭਾਂਡਾ ਪੇਸ਼ਾਬ ਨਾਲ ਭਰਿਆ ਪਿਆ ਹੈ। ਜਦ ਨਬਜ਼ ਦੇਖੀ ਤਾਂ ਠੀਕ ਚਲ ਰਹੀ ਹੈ ਤੇ ਸੁਆਸ ਭੀ ਸਾਫ਼ ਆ ਰਿਹਾ ਹੈ। ਸਰੀਰ ਸਾਰਾ ਉਹਨਾਂ ਦਾ ਭੀ ਮੁੜ੍ਹਕੋ ਮੁੜ੍ਹਕੀ ਹੋ ਰਿਹਾ ਹੈ (ਚਾਹੇ ਉਹਨਾਂ ਪਰ ਚਾਦਰ ਭੀ ਨਹੀਂ ਓੜ੍ਹੀ ਹੋਈ ਸੀ)। ਮੇਰੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਫੇਰ ਮੈਂ ਉਹਨਾਂ ਨੂੰ ਬੁਲਾਇਆ ਤਾਂ ਉਹ ਉਸੇ ਵਕਤ ਮੇਰੇ ਵਲ ਅੱਖਾਂ ਉਘੇੜ ਕੇ ਬੋਲੇ (ਐਉਂ ਮਲੂਮ ਹੋਇਆ ਜਿਵੇਂ ਡੂੰਘੀ ਸਮਾਧੀ ਵਿਚੋਂ ਨਿਕਲੇ ਹਨ, ਭਾਈ ਸਾਹਿਬ ਦੇ ਪਿਤਾ ਅਕਸਰ ਉਰਦੂ ਬੋਲਿਆ ਕਰਦੇ ਸਨ)' ਕਿ "ਬੇਟਾ! ਕੋਈ ਸ਼ਖ਼ਸ ਮੇਰੇ ਕਾਨੋਂ ਮੇਂ ਕਿਤਨੀ ਦੇਰ ਸੇ 'ਮੰਨੇ ਕੀ ਪਉੜੀ' ਪੜ੍ਹ ਰਿਹਾ ਹੈ ਔਰ ਮੁਝ ਕੋ ਬਹੁਤ ਸਰੂਰ ਅਨੰਦ ਆ ਰਹਾ ਹੈ।" ਇਤਨੀ ਗੱਲ ਕਹਿ ਫੇਰ ਮਸ਼ਤ ਹੋ ਗਏ। ਇਹ ਗੱਲ ਸੁਣ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਮੈਂ ਖੜਾ ਖੜਾ ਹੀ ਆ-ਮੁਹਾਰਾ ਅਕਾਲ ਪੁਰਖ ਦੇ ਸ਼ੁਕਰ ਧੰਨਵਾਦ ਵਿਚ ਜੁਟ ਪਿਆ। ਮੇਰੇ ਲੂੰ ਲੂੰ ਵਿਚੋਂ ਸ਼ੁਕਰ ਦੀ ਧੁੰਨ ਉਠੇ।

ਏਸੇ ਦਸ਼ਾ ਵਿਚ ਮੈਂ ਆਪਣੇ ਪਿਤਾ ਜੀ ਦੇ ਸਿਰਹਾਣੇ ਖੜ੍ਹੋਤਾ ਸੀ ਕਿ ਬਾਹਰੋਂ ਅਸਿਸਟੈਂਟ ਸਰਜਨ ਆ ਗਿਆ ਤੇ ਆਉਂਦਾ ਹੀ ਮੈਨੂੰ ਨਵਾਂ ਨਰੋਆ ਦੇਖ ਕੇ ਆਖਣ ਲਗਾ, "ਸ਼ਾਬਾਸ਼! ਖ਼ੂਬ! ਦਵਾਈ ਕੋ ਖਾ ਲੀਆ ਨਾ, ਜੋ ਹਮ ਦੇ ਗਏ ਥੇ। ਤਬ ਹੀ ਤੋ ਅਬ ਤੰਦਰੁਸਤ ਹੋ ਗਏ ਹੋ ਨਾ।"

ਮੈਂ ਉਤਰ ਵਿਚ ਮੇਜ਼ ਵਲ ਇਸ਼ਾਰਾ ਕਰ ਕੇ ਆਖਿਆ, ਔਹ ਪਈਆਂ ਹਨ ਆਪ ਦੀਆਂ ਦਵਾਈਆਂ ਦੀਆਂ ਪੁੜੀਆਂ, ਚੁਕ ਲੌ!"

ਪੁੜੀਆਂ ਸਾਂਵੀਆਂ ਹੀ ਪਈਆਂ ਦੇਖ ਕੇ ਮੱਥੇ ਤੇ ਤਿਊੜੀ ਚੜ੍ਹਾ ਮੇਰੇ ਵਲ ਆਇਆ ਤੇ ਮੇਰੀ ਨਬਜ਼ ਨਾੜੀ ਆਦਿਕ ਦੇਖ ਕੇ ਹੈਰਾਨ

ਹੋ ਕੇ ਪੁਛਣ ਲਗਾ ਕਿ, "ਬੁਖ਼ਾਰ ਕੈਸੇ ਦੂਰ ਹੂਆ ?"

ਮੈਂ ਆਪਣੇ ਪਿਤਾ ਵਲ ਇਸ਼ਾਰਾ ਕਰ ਕੇ ਆਖਿਆ, "ਜ਼ਰਾ ਇਹਨਾਂ ਦੀ ਹਾਲਤ ਭੀ ਦੇਖੋ।" ਜਦ ਉਧਰ ਝਾਕਿਆ ਤੇ ਪਿਤਾ ਹੋਰਾਂ ਦੀ ਨਵੀਂ ਨਰੋਈ ਹਾਲਤ ਦੇਖੀ ਤਾਂ ਚਕ੍ਰਿਤ ਰਹਿ ਗਿਆ। ਦੰਦ ਜੁੜ ਗਏ। ਬੁੱਤ ਬਣ ਕੇ ਖੜੋ ਗਿਆ ਤੇ ਬੋਲਿਆ, "ਯਿਹ ਕਿਆ ਜਾਦੂ ਹੂਆ ?"

ਮੇਰੇ ਪਿਤਾ ਜੀ ਦੇ ਮੂੰਹੋਂ ਨਿਕਲਿਆ, "ਯਿਹ ਮੰਨੈ ਕੀ ਪਉੜੀ ਕਾ ਜਾਦੂ ਹੈ।" ਇਤਨੀ ਕਹਿ ਕੇ ਫੇਰ ਅੱਖਾਂ ਮੀਚ ਕੇ ਮਸ਼ਟ ਹੋ ਗਏ। ਡਾਕਟਰ ਫੇਰ ਉਹਨਾਂ ਨੂੰ ਬੁਲਾਣ ਤਾਂ ਆਖਣ "ਹਮ ਕੋ ਮੰਨੈ ਕੀ ਪਉੜੀ ਕੇ ਧਿਆਨ ਸੇ ਮਤ ਉਚਾਟ ਕਰੋ। ਹਮਾਰੇ ਕਾਨੋਂ ਮੇਂ ਮੰਨੈ ਕੀ ਪਉੜੀ ਕੀ ਗੂੰਜ ਆ ਰਹੀ ਹੈ।"

ਮੇਰੇ ਮੂੰਹੋਂ ਨਿਕਲਿਆ, "ਡਾਕਟਰ ਜੀ! 'ਸਰਬ ਰੋਗ ਕਾ ਅਉਖਦੁ ਨਾਮੁ'। ਬਸ ਇਹੋ ਜਾਦੂ ਹੈ, ਇਹੋ ਕ੍ਰਿਸ਼ਮਾ ਹੈ। ਤੁਸੀਂ ਸਾਰੇ ਮਿਲ ਕੇ ਜੋ ਫ਼ਤਵਾ ਦੇ ਚੁਕੇ ਸੀ, ਦੇਖੋ ਉਸ ਦੇ ਉਲਟ ਕਰਤਾਰ ਨੇ ਕੀ ਅਸਚਰਜ ਭਾਣਾ ਵਰਤਾਇਆ ਹੈ।"

ਡਾਕਟਰ ਛੇਤੀ ਛੇਤੀ ਬਾਹਰ ਨਿਕਲਿਆ ਤੇ ਬਾਈਸਿਕਲ ਪਰ ਚੜ੍ਹ ਕੇ ਸਿਵਲ ਸਰਜਨ ਦੇ ਪਾਸ ਗਿਆ। ਤੇ ਆਪਣੀ ਹਿਕਮਤ ਅਮਲੀ ਦੀਆਂ ਡੀਂਗਾਂ ਮਾਰ ਕੇ ਉਸ ਨੂੰ ਨਾਲ ਲਿਆਇਆ ਤੇ ਪਿਤਾ ਹੋਰਾਂ ਦਾ ਹਾਲ ਦਿਖਾਇਆ।

ਉਹ ਭੀ ਹੈਰਾਨ ਤੇ ਦੰਗ ਰਹਿ ਗਿਆ ਕਿ ਇਤਨੀ ਦੇਰ ਦਾ ਜ਼ਹਿਰ ਬਣਿਆ ਪੇਸ਼ਾਬ ਕਿਸ ਤਰ੍ਹਾਂ ਨਿਕਲਿਆ ਤੇ ਟੁਟੀਆਂ ਹੋਈਆਂ ਨਬਜ਼ਾਂ ਕਿਵੇਂ ਮੁੜੀਆਂ। ਅਤੇ ੧੦੬ ਦਰਜੇ ਤੋਂ ਟੱਪਿਆ ਹੋਇਆ ਬੁਖ਼ਾਰ ਕਿਵੇਂ ਉਤਰਿਆ। ਉਹ ਆਪਸ ਵਿਚੀਂ ਪਏ ਖਹਿਬੜਨ ਤੇ ਦਾਸ ਆਪਣੇ ਅਕਾਲ ਪੁਰਖ ਦੀ ਸ਼ੁਕਰ-ਗੁਜ਼ਾਰੀ ਵਿਚ ਮਸਤ, ਤੇ ਪਿਤਾ ਹੋਰੀਂ ਮੰਨੇ ਕੀ ਪਉੜੀ ਦੀ ਧੁੰਨੀ ਵਿਚ ਮਸਤ।

ਮੁਕਦੀ ਗੱਲ ਇਹ ਕਿ ਦੋ ਤਿੰਨ ਦਿਨਾਂ ਪਿਛੋਂ ਕਮਜ਼ੋਰੀ ਦੂਰ ਹੋਣ ਪਰ ਨੌ-ਬਰ-ਨੌ ਦਸ਼ਾ ਵਿਚ ਪਿਤਾ ਹੋਰਾਂ ਨੂੰ ਘਰ ਲਿਆਂਦਾ ਗਿਆ। ਉਸ ਦਿਨ ਤੋਂ ਮੇਰਾ ਦਸ ਗੁਣਾ ਵਧੇਰਾ ਭਰੋਸਾ ਬਾਣੀ ਦੀ ਬਰਕਤ ਤੇ ਨਾਮ ਕਲਾ ਵਾਲੇ ਪ੍ਰਤਾਪ ਪ੍ਰਥਾਇ ਹੋ ਗਿਆ। ਤੇ ਪਿਤਾ ਹੋਰਾਂ ਦੀ ਅਜਿਹੀ ਖ਼ਾਤਰ ਜਮਾ ਹੋਈ ਕਿ ਤਦ ਤੋਂ ਪਸਚਾਤ ਮੇਰੀ ਗੁਰਮਤਿ ਭਾਵਨੀ, ਖ਼ਿਆਲਾਂ ਦਾ ਸਿੱਕਾ ਉਹਨਾਂ ਦੇ ਦਿਲ ਅੰਦਰ ਬੈਠ ਗਿਆ।

ਉਸ ਦਿਨ ਤੋਂ ਮੈਨੂੰ ਕਦੇ ਗੁਰਮਤਿ ਸੰਬੰਧੀ ਖਿਆਲਾਂ ਦੇ ਤੀਬਰ ਵੇਗ ਵਲੋਂ ਨਹੀਂ ਹੋੜਿਆ ਹਟਕਿਆ। ਸੋ ਜਦ ਮੈਂ ਵਿਡਾਣੀ ਚਾਕਰੀ ਦੇ ਭਾਰ ਵਲੋਂ ਹੌਲਾ ਹੋ ਗਿਆ ਤਾਂ ਅੰਮ੍ਰਿਤ ਛੱਕਣ ਦੇ ਸ਼ੁਭ ਅਵਸਰ ਦੀਆਂ ਤਿਆਰੀਆਂ ਹੋਣ ਲਗ ਪਈਆਂ। ਇਸ ਭਾਗੇ ਭਰੇ ਸਮਾਗਮ ਜੁੜਨ ਤੋਂ ਪਹਿਲਾਂ ਇਕ ਵਾਰ ਇਕ ਬੜੀ ਸੁੰਦਰ ਘਟਨਾ ਵਰਤ ਚੁੱਕੀ ਸੀ, ਜਿਸ ਦਾ ਜ਼ਿਕਰ ਕਰਨਾ ਬਹੁਤ ਅਨੰਦ-ਦਾਇਕ ਭਾਸਦਾ ਹੈ।

**("ਜੇਲ੍ਹ ਚਿੱਠੀਆਂ" ਪੁਸਤਕ ਵਿਚੋਂ ਧੰਨਵਾਦ ਸਹਿਤ)**

## ਕਵਿਤਾ

# ਐ ਸਾਹਿਬ-ਏ-ਕਮਾਲ ਕੀ ਲਿਖਾਂ ਮੈਂ ਸਿਫ਼ਤ ਤੇਰੀ

ਐ ਸਾਹਿਬ-ਏ-ਕਮਾਲ ਕੀ ਲਿਖਾਂ ਮੈਂ ਸਿਫ਼ਤ ਤੇਰੀ।।

ਤੇਰੀ ਸਿਫ਼ਤ ਲਿਖਣ ਦੀ ਨਹੀਂ ਹੈ ਔਕਾਤ ਮੇਰੀ।।

ਜ਼ਿਹਨ ਮੇਰੇ ਵਿਚ ਤੇਰੇ ਲਈ ਬਹੁਤ ਪਿਆਰ ਹੈ।।

ਤੇਰੀ ਹੋਂਦ ਬਾਝੋਂ ਲਗਦਾ ਜਿਊਣਾ ਦੁਸ਼ਵਾਰ ਹੈ।।

ਹੁੰਦਾ ਤੇਰੇ 'ਤੇ ਬੜਾ ਮਾਣ ਹੈ ਮਹਿਸੂਸ ਸਾਨੂੰ।।

ਦੇ ਕੇ ਉੱਚਾ ਰੁਤਬਾ ਕੀਤਾ ਜੱਗ ਵਿਚ ਮਹਿਫ਼ੂਜ਼ ਸਾਨੂੰ।।

ਪੈਰ ਦੀ ਜੁੱਤੀ ਤੋਂ ਮਾਈ ਭਾਗੋ ਦੀ ਵਾਰਿਸ ਬਣਾਇਆ।।

ਸੀਸ ਸਾਡੇ 'ਤੇ ਤੂੰ ਸੋਹਣਾ ਇਲਾਹੀ ਤਾਜ ਸਜਾਇਆ।।

ਪੜ੍ਹ ਚੰਡੀ ਦੀ ਵਾਰ ਆਉਂਦਾ ਸਰੂਰ ਹੀ ਵੱਖਰਾ ਏ।।

ਤੇਰੀ ਇਸ ਬਾਣੀ ਦਾ ਚੜ੍ਹਦਾ ਗਰੂਰ ਹੀ ਵੱਖਰਾ ਏ।।

ਤੇਰੇ ਚਰਨਾਂ ਕਵਲਾਂ ਦੀ ਮੌਜ ਹੀ ਬਹੁਤ ਵੱਖਰੀ ਏ।।

ਜ਼ਫ਼ਰਨਾਮੇ ਨੇ ਔਰੰਗੇ ਨੂੰ ਛੇੜੀ ਕੰਬਣੀ ਹੀ ਵੱਖਰੀ ਏ।।

ਬਚਿਤ੍ਰ ਨਾਟਕ ਹੈ ਸਾਈਆਂ ਬਚਿਤ੍ਰ ਖੇਡ ਤੇਰੀ।।

ਭੰਗਾਣੀ ਦੇ ਯੁੱਧ ਦੀ ਬਚਿਤ੍ਰ ਹੈ ਸਾਈਆਂ ਪਰੇਡ ਤੇਰੀ।।

ਸ਼ਸਤਰ ਨਾਮ ਮਾਲਾ ਵਿਚ ਤੁਸੀਂ ਸ਼ਸਤਰ ਪਰੋ ਦਿੱਤੇ।।

ਇਸ ਬਾਣੀ ਵਿਚ ਲਾਸਾਨੀ ਇਤਿਹਾਸ ਸਮੋ ਦਿੱਤੇ।।

ਬੇਅੰਤ ਭਾਸ਼ਾਵਾਂ ਅਤੇ ਰੰਗਾਂ ਦਾ ਕੋਹਿਨੂਰ ਹੈਂ ਤੂੰ।।

ਖ਼ੁਦ ਖ਼ੁਦਾ ਹਾਜ਼ਰ ਹਜ਼ੂਰ ਹੈਂ ਤੂੰ ਹਾਜ਼ਰ ਹਜ਼ੂਰ ਹੈਂ ਤੂੰ।।

**ਡਾਕਟਰ ਰੀਤ ਕੌਰ**
**ਸ੍ਰੀ ਮੁਕਤਸਰ ਸਾਹਿਬ।**

# ਰਾਸ ਲੀਲ੍ਹਾ ਤੇ ਸਿਨਿਮੇ ਦਾ ਖੰਡਨ

**ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥ ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥**
**ਗਾਵਣਿ ਗਾਵਹਿ ਜਿਨ ਨਾਮ ਪਿਆਰੁ ॥ ਸਾਚੀ ਬਾਣੀ ਸਬਦ ਬੀਚਾਰੁ ॥੧॥**
**ਗਾਵਤ ਰਹੈ ਜੇ ਸਤਿਗੁਰ ਭਾਵੈ ॥ ਮਨੁ ਤਨੁ ਰਾਤਾ ਨਾਮਿ ਸੁਹਾਵੈ ॥੧॥ ਰਹਾਉ ॥**
**ਸਚੀ ਭਗਤਿ ਗੁਰ ਸਬਦ ਪਿਆਰਿ ॥ ਅਪਨਾ ਪਿਰੁ ਰਾਖਿਆ ਸਦਾ ਉਰਿ ਧਾਰਿ ॥੨॥**
**ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥ ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ ॥**
**ਨਚਿਐ ਟਪਿਐ ਭਗਤਿ ਨ ਹੋਇ ॥ ਸਬਦਿ ਮਰੈ ਭਗਤਿ ਪਾਏ ਜਨੁ ਸੋਇ ॥੩॥**
**ਭਗਤਿ ਵਛਲੁ ਭਗਤਿ ਕਰਾਏ ਸੋਇ ॥ ਸਚੀ ਭਗਤਿ ਵਿਚਹੁ ਆਪੁ ਖੋਇ ॥**
**ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ ॥ ਨਾਨਕ ਬਖਸੇ ਨਾਮੁ ਪਛਾਣੈ ॥੪॥੪॥੨੪॥**
**(ਗਉੜੀ ਗੁਆਰੇਰੀ ਮ: ੩, ਪੰਨਾ: ੧੫੮)**

ਇਸ ਗੁਰਵਾਕ ਦੁਆਰਾ ਗੁਰੂ ਸਾਹਿਬ ਨੇ ਹਉਮੈ ਦੇ ਕੱਚੇ ਗੀਤ ਗਾਵਣਹਾਰੇ ਰਾਸਧਾਰੀਆਂ ਦੇ ਟੋਲਿਆਂ ਨੂੰ ਖ਼ੂਬ ਖੰਡਨ ਕੀਤਾ ਹੈ। ਰਾਸ ਲੀਲ੍ਹਾ ਦੇ ਕਰਨਹਾਰੇ ਹਉਮੈ ਭਰੇ ਗੀਤ ਗਾ ਗਾ ਕੇ ਖ਼ੁਦ ਗੁਮਰਾਹ ਹੁੰਦੇ ਹਨ ਤੇ ਲੋਕਾਂ ਨੂੰ ਪੁੱਠੇ ਰਾਹ ਪਾਉਂਦੇ ਹਨ। ਏਹਨਾਂ ਕੱਚ-ਪਿਚੇ ਗੀਤਾਂ ਦੇ ਗਾਵਣ ਨਾਲ ਨ ਉਹਨਾਂ ਨੂੰ ਖ਼ੁਦ ਕੁਛ ਸੁਆਦ ਆਉਂਦਾ ਹੈ, ਨ ਹੀ ਲੋਕਾਂ ਦੇ ਪੱਲੇ ਕੋਈ ਨਿਗਰ ਰਸ ਇਖ਼ਲਾਕ ਵਾਲੀ ਗੱਲ ਪੈਂਦੀ ਹੈ। ਅਸਲ ਗਾਵਣ ਗਾਵਣਾ ਗੁਰਮਤਿ ਦੇ ਸਿਫ਼ਤ-ਸਾਲਾਹੀ ਕੀਰਤਨੀ ਜਨਾਂ ਦਾ ਹੈ, ਜਿਨ੍ਹਾਂ ਨੂੰ ਵਾਹਿਗੁਰੂ ਦੇ ਸੱਚੇ ਨਾਮ ਨਾਲ ਸੱਚਾ ਪਿਆਰ ਹੈ। ਜਿਨ੍ਹਾਂ ਦਾ ਅਤਿ ਸੱਚੀ ਬਾਣੀ ਤੇ ਸਚੜਾ ਸ਼ਬਦ ਵੀਚਾਰੀ ਅਭਿਆਸ ਸਦਾ ਹੀ ਬਣਿਆ ਰਹਿੰਦਾ ਹੈ, ਓਹ ਐਸੇ ਗੁਰਮਤਿ-ਧਾਰੀ ਸੱਚੀ ਬਾਣੀ ਗਾਵਣਹਾਰੇ ਸਤਿਗੁਰੂ ਨੂੰ ਭਾਏ ਹੋਏ ਕੇਵਲ ਗੁਰਮਤਿ ਧਾਰਨੀ ਗੁਰਸਿਖ ਹੀ ਹਨ, ਜੋ ਖਿਨ ਖਿਨ ਸਿਫਤਿ ਸਾਲਾਹ ਕਰਦੇ ਹੀ ਰਹਿੰਦੇ ਹਨ, ਜਿਨ੍ਹਾਂ ਦਾ ਮਨ ਤਨ ਸਦਾ ਨਾਮ ਵਿਖੇ ਹੀ ਹਰ ਦਮ ਰਤਿਆ ਰਹਿੰਦਾ ਹੈ। ਇਸ ਤੋਂ ਉਲਟ ਹੋਛੇ ਗੀਤ ਗਾਵਣਹਾਰੇ ਜੋ ਟੋਲੇ ਹਨ ਤੇ ਜੋ ਰਾਸਧਾਰੀਆਂ ਵਾਲੀ ਕੁਮਾਇਸ਼-ਬਾਜ਼ੀ ਕਰਦੇ ਹਨ ਤੇ ਨਾਮ ਉਸ ਦਾ 'ਭਗਤੀ ਕਰਨੀ' ਧਰਦੇ ਹਨ, ਉਹ ਨਿਰੀ ਸਚੜੇ ਪ੍ਰੇਮ ਪਿਆਰ ਬਿਹੂਣੀ ਹੁੰਦੀ ਹੈ। ਇਸ ਕੁਮਾਇਸ਼-ਬਾਜ਼ੀ ਦੁਆਰਾ ਸਚੜਾ ਨਾਮ ਉੱਕਾ ਹੀ ਉਹਨਾਂ ਨੂੰ ਨਸੀਬ ਨਹੀਂ ਹੁੰਦਾ। ਸੱਚੀ ਭਾਉ-ਭਗਤੀ ਗੁਰ ਸ਼ਬਦ (ਗੁਰਮਤਿ ਗੁਰਮੰਤਰ) ਦੇ ਪਿਆਰ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਕੇਵਲ ਇਸ ਗੁਰਮਤਿ ਪਿਰੀ ਪਿਆਰ ਨੂੰ ਉਰਿ ਧਾਰੀ ਰਖਣਾ ਹੀ ਸੱਚੀ ਭਗਤੀ ਕਰਨਾ ਹੈ (ਜੋ ਕਿ ਗੁਰਸਿੱਖਾਂ ਦੇ ਵਿਰਸੇ ਵਿਚਿ ਹੀ ਆਈ ਹੈ)। ਮੂਰਖ ਲੋਗ ਰਾਸ ਕੀ ਪਾਉਂਦੇ ਹਨ, ਨਿਰਾ ਦਿਖਾਵਾ ਹੀ ਦਿਖਾਉਂਦੇ ਹਨ। ਰਾਸ ਲੀਲ੍ਹਾ ਪਾਉਣ ਨੂੰ ਭਗਤੀ ਪਾਉਣਾ ਤੇ ਰਾਸਧਾਰੀਆਂ ਨੂੰ ਭਗਤੀਏ ਕਹਿਣਾ ਓਹਨਾਂ ਦਾ ਨਿਰਾ ਕੁਚੱਜ ਹੈ। ਇਸ ਬਿਧਿ ਕੁਚੱਜ ਕਰ ਕੇ ਓਹ ਮੂਰਖ ਲੋਗ ਸਿਰਫ਼ ਆਪਣਾ/ਆਪ ਹੀ ਜਣਾਉਂਦੇ ਫਿਰਦੇ ਹਨ ਅਤੇ ਇਸ ਹੋਛੀ ਭਗਤਿ ਪਾਇਣੀ ਦੁਆਰਾ ਉਹ ਉਭੜ ਉਭੜ ਕੇ ਨਚਦੇ ਟੱਪਦੇ ਹਨ ਅਤੇ ਨਚ ਨਚ ਟੱਪ ਕੇ ਬਹੁਤ ਦੁਖ ਪਾਉਂਦੇ ਹਨ। ਇਸ ਬਿਧਿ ਨੱਚਣ ਟੱਪਣ ਨਾਲ ਭਗਤੀ ਨਹੀਂ ਹੁੰਦੀ। ਸੱਚੀ ਭਗਤੀ ਵਾਲਾ ਗੁਰਮਤਿ ਮਾਰਗ ਇਸ ਪਾਖੰਡ-ਭਗਤੀ ਤੋਂ ਵਿਲੱਖਣਾ ਤੇ ਮਹਾਂ ਸਰੇਸ਼ਟ ਹੈ। ਗੁਰ ਸ਼ਬਦ ਦੀ ਕਮਾਈ ਹੀ ਸੱਚੀ ਨ੍ਰਿਤਕਾਰੀ ਹੈ, ਜਿਸ ਦੁਆਰਾ



ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਮਨੂਆ ਮਰ ਜਾਂਦਾ ਹੈ ਅਤੇ ਸੱਚੀ ਭਗਤੀ ਦਾ ਮਾਰਗ ਨਸੀਬ ਹੁੰਦਾ ਹੈ। ਭਗਤ-ਵਛਲ ਵਾਹਿਗੁਰੂ ਆਪ ਤੁਠ ਕੇ ਉਹਨਾਂ ਤੋਂ ਭਗਤੀ ਕਰਾਉਂਦਾ ਹੈ। ਸੱਚੀ ਭਗਤੀ ਉਸ ਭਗਤ ਜਨ ਨੂੰ ਨਸੀਬ ਹੁੰਦੀ ਹੈ ਜੋ ਵਿਚੋਂ ਆਪਣਾ ਆਪ ਗੰਵਾ ਲੈਂਦਾ ਹੈ ਤੇ ਪਖੰਡ-ਦਿਖਾਵੇ ਨੂੰ ਨੇੜੇ ਨਹੀਂ ਆਉਣ ਦਿੰਦਾ।

ਇਸ ਲੋਕ-ਦਿਖਾਵੇ ਦੀ ਰਾਸ ਲੀਲ੍ਹਾ ਰਾਸਧਾਰੀਆਂ ਦੀ ਰਚੀ ਹੋਈ ਮਹਾਂ ਮਲੀਨ ਕੁਸੰਗਤ ਤੋਂ ਕੋਈ ਭੀ ਅਨਮਤੀ ਨਹੀਂ ਬਚਦਾ। ਅੱਜ ਕਲ੍ਹ ਦੇ ਸਿਨੇਮੇ ਥੀਏਟਰ ਨਵੀਨ ਫ਼ੈਸ਼ਨ ਦੀਆਂ ਰਾਸ ਲੀਲ੍ਹਾਵਾਂ ਹਨ। ਬੜੇ ਬੜੇ ਪੜ੍ਹੇ ਹੋਏ ਤਾਲੀਮ ਯਾਫ਼ਤਾ ਲੋਕ, ਜੋ ਆਪਣੇ ਆਪ ਨੂੰ ਬੜਾ ਮੁਹੱਜ਼ਬ ਸਦਾਉਂਦੇ ਹਨ, ਏਹਨਾਂ ਥੀਏਟਰਾਂ ਸਿਨਮਿਆਂ ਰੂਪੀ ਰਾਸ-ਲੀਲ੍ਹਾਵਾਂ ਵਿਚ ਸਣੇ ਪਰਿਵਾਰਾਂ ਦੇ, ਸਣੇ ਨੂੰਹਾਂ ਬੇਟੀਆਂ ਦੇ ਜਾ ਜਾ ਕੇ ਖੱਜਲ ਖੁਆਰ ਹੁੰਦੇ ਹਨ। ਅਤੇ ਇਸ ਬਿਧਿ ਖੱਜਲ ਖੁਆਰ ਹੋਣ ਨੂੰ ਬੜਾ ਹੀ ਫ਼ਖ਼ਰ ਸਮਝਦੇ ਹਨ। ਕੀ ਅਮੀਰ ਕੀ ਗਰੀਬ ਤਬਕੇ ਦਾ ਮਨੁੱਖ ਮਾਤਰ ਆਨਮਤੀ ਨਿਤਾਪ੍ਰਤਿ ਏਸੇ ਖਲਜਗਣ ਵਿਚ ਖੁਆਰ ਹੁੰਦਾ ਰਹਿੰਦਾ ਹੈ। ਏਹਨਾਂ ਦਾ ਨਾ ਕੋਈ ਦੀਨ ਹੈ ਨਾ ਈਮਾਨ ਹੈ, ਨਾ ਕੋਈ ਅਸੂਲ ਹੈ ਨਾ ਇਖ਼ਲਾਕ ਹੈ। ਜਿੰਨੀ ਬਦ-ਇਖ਼ਲਾਕੀ ਪੈਦਾ ਹੁੰਦੀ ਹੈ, ਉਹ ਏਹਨਾਂ ਬਦ-ਇਖ਼ਲਾਕ ਟੋਲਿਆਂ ਤੋਂ ਹੀ ਪੈਦਾ ਹੁੰਦੀ ਹੈ। ਨਵੀਨ ਉਮਰ ਦੇ ਨੌਜਵਾਨ ਲੜਕੇ ਲੜਕੀਆਂ ਨੂੰ ਏਹ ਮੁਹੱਜ਼ਬ ਲੋਕ ਆਪਣੇ ਹੱਥੀਂ ਕੂਚਾ ਲਾ ਕੇ ਆਪ ਖ਼ਰਾਬ ਕਰਦੇ ਹਨ। ਏਹਨਾਂ ਭੈੜੀਆਂ ਵਾਦੀਆਂ ਵਿਚ ਧਨ ਧਾਮ ਘਰ ਘਾਮ ਦੀਨੋ-ਈਮਾਨ ਸਭ ਲੁਟਾ ਦਿੰਦੇ ਹਨ ਤੇ ਲੁਟਾਈ ਫਿਰਦੇ ਹਨ। ਸੋ-ਕਾਲਡ (So Called) ਸ਼ਾਇਸਤਗੀ ਨਿਰੀ ਨੁਮਾਇਸ਼ ਹੈ। ਸੱਚੀ ਸ਼ਾਇਸਤਗੀ ਤੋਂ ਏਹ ਲੋਗ ਸੂਨ ਤੇ ਸੱਖਣੇ ਹਨ। ਇਹ ਕੇਵਲ ਗੁਰਮਤਿ ਹੀ ਹੈ ਜੋ ਏਹਨਾਂ ਬਦ-ਇਖ਼ਲਾਕੀ ਦੇ ਵਹਿਣ ਵਿਚ ਰੁੜ੍ਹੇ ਜਾਂਦਿਆਂ ਨੂੰ ਬਚਾ ਸਕਦੀ ਹੈ। ਏਹਨਾਂ ਸਭ ਤੋਂ ਭੈੜੇ ਪਖੰਡੀਆਂ ਨੂੰ ਦਮਨ ਕਰਨਾ ਸਭ ਤੋਂ ਉੱਚਾ ਉਪਕਾਰ ਹੈ। ਇਹ ਉਪਕਾਰ ਕੇਵਲ ਗੁਰਮਤਿ ਤੋਂ ਹੀ ਉਤਪੰਨ ਹੁੰਦਾ ਹੈ। ਸੱਚੀ ਗੁਰਮਤਿ ਗੁਰੂ ਸਾਹਿਬਾਨ ਦੇ ਉੱਚੇ ਪਰ-ਉਪਕਾਰੀ ਆਦਰਸ਼ ਤੋਂ ਤੇ ਗੁਰਮਤਿ ਦੇ ਸੱਚੇ ਪੂਰਨੇ ਪਾਉਣਹਾਰੇ ਗੁਰਮੁਖ ਜਨਾਂ ਦੇ ਜੀਵਨ ਤੋਂ ਸੁਤੇ ਪ੍ਰਾਪਤ ਹੁੰਦੀ ਹੈ। ਇਸ ਸਚੜੇ ਗੁਰਮਤਿ-ਆਦਰਸ਼ ਬਿਹੂਣੀ ਮਤਿ ਸਭ ਆਨਮਤ ਤੇ ਕੁਮੱਤ ਮਤਿ ਹੈ।

ਸੱਚੀ ਭਾਉ-ਭਗਤੀ ਗੁਰ ਸ਼ਬਦ (ਗੁਰਮਤਿ ਗੁਰਮੰਤਰ) ਦੇ ਪਿਆਰ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਕੇਵਲ ਇਸ ਗੁਰਮਤਿ ਪਿਰੀ ਪਿਆਰ ਨੂੰ ਉਰਿ ਧਾਰੀ ਰਖਣਾ ਹੀ ਸੱਚੀ ਭਗਤੀ ਕਰਨਾ ਹੈ (ਜੋ ਕਿ ਗੁਰਸਿੱਖਾਂ ਦੇ ਵਿਰਸੇ ਵਿਚਿ ਹੀ ਆਈ ਹੈ)। ਮੂਰਖ ਲੋਗ ਰਾਸ ਕੀ ਪਾਉਂਦੇ ਹਨ, ਨਿਰਾ ਦਿਖਾਵਾ ਹੀ ਦਿਖਾਉਂਦੇ ਹਨ। ਰਾਸ ਲੀਲ੍ਹਾ ਪਾਉਣ ਨੂੰ ਭਗਤੀ ਪਾਉਣਾ ਤੇ ਰਾਸਧਾਰੀਆਂ ਨੂੰ ਭਗਤੀਏ ਕਹਿਣਾ ਓਹਨਾਂ ਦਾ ਨਿਰਾ ਕੁਚੱਜ ਹੈ। ਇਸ ਬਿਧਿ ਕੁਚੱਜ ਕਰ ਕੇ ਓਹ ਮੂਰਖ ਲੋਗ ਸਿਰਫ਼ ਆਪਣਾ/ਆਪ ਹੀ ਜਣਾਉਂਦੇ ਫਿਰਦੇ ਹਨ ਅਤੇ ਇਸ ਹੋਛੀ ਭਗਤਿ ਪਾਇਣੀ ਦੁਆਰਾ ਉਹ ਉਭੜ ਉਭੜ ਕੇ ਨਚਦੇ ਟੱਪਦੇ ਹਨ ਅਤੇ ਨਚ ਨਚ ਟੱਪ ਕੇ ਬਹੁਤ ਦੁਖ ਪਾਉਂਦੇ ਹਨ। ਇਸ ਬਿਧਿ ਨੱਚਣ ਟੱਪਣ ਨਾਲ ਭਗਤੀ ਨਹੀਂ ਹੁੰਦੀ। ਸੱਚੀ ਭਗਤੀ ਵਾਲਾ ਗੁਰਮਤਿ ਮਾਰਗ ਇਸ ਪਾਖੰਡ-ਭਗਤੀ ਤੋਂ ਵਿਲੱਖਣਾ ਤੇ ਮਹਾਂ ਸਰੇਸ਼ਟ ਹੈ।

# ਧਰਮ ਅਤੇ ਇਤਿਹਾਸ ਦੇ ਸਨਮੁਖ ਮਨੋਰੰਜਨ

**ਡਾ. ਸੇਵਕ ਸਿੰਘ**

*ਮਨੁੱਖੀ ਰੁਚੀਆਂ ਨੂੰ ਮਨੋਰੰਜਨ ਰਾਹੀਂ ਕਾਬੂ ਕਰਨਾ ਚਿਰਾਂ ਤੋਂ ਹਕੂਮਤਾਂ ਅਤੇ ਵਪਾਰੀਆਂ ਦਾ ਜਾਦੂਵਾੜਾ ਰਿਹਾ ਹੈ ਜਿੱਥੋਂ ਬੰਦੇ ਡੰਗਰ ਬਣ ਬਣ ਨਿਕਲਦੇ ਹਨ ਭਾਵੇਂ ਵੜਨ ਵੇਲੇ ਬੰਦੇ ਈ ਹੋਣ। ਪਹਿਲਾਂ ਮਨੋਰੰਜਨ ਦਾ ਅਖਾੜਾ ਵਸੋਂ ਤੋਂ ਦੂਰ ਲਗਦਾ ਸੀ ਫਿਰ ਸੱਥਾਂ ਵਿਚ ਆਇਆ। ਬਿਜਲਈ ਤਕਨੀਕ ਦੇ ਆਉਣ ਨਾਲ ਇਹ ਵਾੜਾ ਹੋਰ ਵੀ ਵੱਡਾ ਤੇ ਲੁਭਾਉ ਹੋ ਕੇ ਘਰ ਘਰ ਪਹੁੰਚ ਗਿਆ, ਹੁਣ ਇਹ ਸਭ ਦੇ ਹੱਥਾਂ ਵਿਚ ਹੈ ਪਰ ਇਕ ਤਰ੍ਹਾਂ ਨਾਲ ਸਭ ਕੁਝ ਇਹਦੇ ਹੱਥ 'ਚ ਹੈ। ਮਨੋਰੰਜਨ ਦੀ ਵਧਦੀ ਤਾਕਤ ਦੇ ਬਾਵਜੂਦ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਵਾੜੇ ਵਿਚ ਧਰਮ ਦਾ ਮਜ਼ਾਕ ਤਾਂ ਉਡਾਇਆ ਜਾ ਸਕਦਾ ਹੈ ਪਰ ਪ੍ਰਚਾਰ ਸੰਭਵ ਨਹੀਂ ਹੈ। ਧਰਮ ਸੱਚ ਅਤੇ ਪਵਿੱਤਰ ਰੂਪ ਮੰਨਿਆ ਜਾਂਦਾ ਹੈ ਪਰ ਮਨੋਰੰਜਨ ਦੀ ਸਚਾਈ ਹੀ ਸਚਾਈ ਨੂੰ ਭੁੱਲ ਜਾਣ ਵਿਚ ਹੈ।*

ਪਰਛਾਵਿਆਂ ਦਾ ਸਵਾਲ ਪੰਥ ਸਾਹਮਣੇ ਕਾਫ਼ੀ ਚਿਰ ਤੋਂ ਹੈ ਪਰ ਬਿਜਾਲ ਅਤੇ ਮੱਕੜਜਾਲ ਦੇ ਰੁਝਾਨ ਨਾਲ ਇਹ ਹੋਰ ਅਹਿਮ ਹੋ ਗਿਆ ਹੈ। ਕੁਝ ਲੋਕਾਂ ਵਲੋਂ ਆਪ-ਮੁਹਾਰੇ ਰੂਪ ਵਿਚ ਪਰਛਾਵੇਂ ਬਣਾਉਣ ਨਾਲ ਇਹ ਸਵਾਲ ਚਰਚਾ ਵਿਚ ਆ ਗਿਆ ਹੈ, ਹੁਣ ਹੋਰ ਟਾਲਿਆ ਨਹੀਂ ਜਾ ਸਕਦਾ। ਇਸ ਮਸਲੇ ਨੂੰ ਸਮਝਣ ਲਈ ਕੁਝ ਨੁਕਤਿਆਂ ਦੀ ਸੰਖੇਪ ਚਰਚਾ ਜ਼ਰੂਰੀ ਹੈ। ਮੂਲ ਰੂਪ ਵਿਚ ਧਰਮ, ਧਰਮ ਇਤਿਹਾਸ ਅਤੇ ਆਮ ਇਤਿਹਾਸ ਦਾ ਫ਼ਰਕ ਸਮਝਣਾ ਅਤੇ ਫਿਰ ਏਹਨਾਂ ਨੂੰ ਨਕਲ, ਕਲਪਨਾ, ਮਨੋਰੰਜਨ ਅਤੇ ਮੰਡੀ ਦੇ ਪ੍ਰਸੰਗ ਵਿਚ ਸਮਝਣਾ ਲਾਜ਼ਮੀ ਹੈ ਤਾਂ ਕਿ ਦੁਨੀਆ ਨਾਲ ਰਲਣ ਲਈ ਅਮਲੀ ਕਿਰਦਾਰ ਅਤੇ ਪ੍ਰਚਾਰ ਦੀ ਲੋੜ ਦੇ ਫ਼ਰਕ ਨੂੰ ਸਮਝਿਆ ਜਾ ਸਕੇ। ਇਸ ਲਿਖਤ ਵਿਚ ਏਹ ਨੁਕਤੇ ਜੁੜਵੇਂ ਰੂਪ ਵਿਚ ਵਿਚਾਰੇ ਗਏ ਹਨ।

ਧਰਮ ਅਤੇ ਇਤਿਹਾਸ ਨੂੰ ਰੁਤਬੇਧਾਰੀ ਲੋਕ ਆਪਣੇ ਹਿਤ ਕਰਕੇ ਅਤੇ ਆਮ ਲੋਕ ਆਪਣੇ ਸੁਭਾਅ ਕਰਕੇ ਰਲਗੱਡ ਕਰਦੇ ਰਹਿੰਦੇ ਹਨ। ਰੁਤਬੇਧਾਰੀ ਲੋਕਾਂ ਵਲੋਂ ਇਹ ਰਲਗੱਡ (ਅਗਿਆਨਤਾ-ਵੱਸ, ਜਾਣ ਬੁੱਝ ਕੇ ਜਾਂ ਕਾਹਲੀ ਅਤੇ ਬੇਸੰਜਮੀ ਨਾਲ) ਕਿਸੇ ਤਰ੍ਹਾਂ ਵੀ ਹੋ ਸਕਦੀ ਹੈ ਪਰ ਆਮ ਲੋਕਾਂ ਵਲੋਂ ਏਹਨਾਂ ਨੂੰ ਰਲਗੱਡ ਕਰਨ ਦੇ ਵੱਖਰੇ ਕਾਰਨ ਹਨ। ਆਮ ਲੋਕਾਂ ਵਿਚ ਇਹ ਰਲਗੱਡ ਪਰੰਪਰਾਗਤ ਸਮਝ ਕਰਕੇ ਵਧੇਰੇ ਹੁੰਦੀ ਹੈ, ਜਿਸ ਅਨੁਸਾਰ ਇਤਿਹਾਸ ਵੀ ਧਰਮ ਵਰਗੀ ਭੂਮਿਕਾ ਨਿਭਾਉਂਦਾ ਹੈ। ਦੂਜਾ ਵੱਡਾ ਕਾਰਨ ਹੈ ਕਿ ਦੁਨੀਆ ਦੀ ਮੁੱਖ ਧਾਰਾ ਬਣੀ ਵਿਗਿਆਨਕ ਮਾਨਤਾ ਵਾਲੀ ਸਮਝ ਜੋ ਏਹਨਾਂ ਨੂੰ (ਆਪਣੇ ਤਰੀਕੇ ਨਾਲ ਰਲਗੱਡ ਕਰਕੇ) ਪਦਾਰਥਵਾਦੀ ਨੁਕਤੇ ਤੋਂ ਵਿਖਾਉਂਦੀ ਹੈ। ਧਰਮ ਅਤੇ ਇਤਿਹਾਸ ਦੀ ਦੁਰਵਰਤੋਂ ਕਰਨ ਵਾਲੇ ਲੋਕਾਂ ਨੂੰ ਭਾਵੇਂ ਇਹ ਰਲਗੱਡ ਦੀ ਸਮਝ ਹੋਵੇ ਜਾਂ ਨਾ ਹੋਵੇ ਪਰ ਜੋ ਸਹੀ ਅਤੇ ਨੇਕ-ਦਿਲ ਵਰਤੋਂ ਕਰਨੀ ਚਾਹੁੰਦੇ ਹਨ ਓਹਨਾਂ ਲਈ ਧਰਮ ਅਤੇ ਇਤਿਹਾਸ ਵਿਚਲਾ ਫ਼ਰਕ ਸਮਝਣਾ ਬਹੁਤ ਜ਼ਰੂਰੀ ਹੈ। ਇਹ ਫ਼ਰਕ ਸਮਝੇ ਬਿਨਾਂ ਅੱਗੋਂ ਧਰਮ ਇਤਿਹਾਸ ਅਤੇ ਆਮ ਇਤਿਹਾਸ ਦਾ ਫ਼ਰਕ ਵੀ ਸਮਝ ਨਹੀਂ ਆਉਂਦਾ। ਸਿੱਖਾਂ ਸਮੇਤ ਅਨੇਕਾਂ ਧਾਰਮਿਕ ਲੋਕ ਆਪਣੇ ਧਰਮ ਅਤੇ ਇਤਿਹਾਸ ਨੂੰ ਵੱਖ ਕਰਕੇ ਨਹੀਂ ਵੇਖਦੇ, ਇਸ ਕਰਕੇ ਹੀ ਓਹ ਅਕਸਰ ਆਮ ਇਤਿਹਾਸ ਅਤੇ ਧਰਮ ਇਤਿਹਾਸ ਵਿਚ ਵੀ ਫ਼ਰਕ ਨਹੀਂ ਕਰਦੇ। ਏਹਨਾਂ ਫ਼ਰਕਾਂ ਨੂੰ ਸਮਝੇ ਬਿਨਾਂ ਧਰਮ ਅਤੇ ਇਤਿਹਾਸ ਬਾਰੇ ਹੀ ਨਹੀਂ ਸਗੋਂ ਸਾਰੀ ਜ਼ਿੰਦਗੀ ਬਾਰੇ ਵੀ ਕਾਫ਼ੀ ਗੱਲਾਂ ਗ਼ਲਤ ਸਮਝਣ ਜਾਂ ਕਰਨ ਦੀ ਸੰਭਾਵਨਾ ਹੁੰਦੀ ਹੈ।

ਬੀਤੇ ਸਮੇਂ ਨੂੰ ਅਤੇ ਜ਼ਿੰਦਗੀ ਦੇ ਮਨੋਰਥ ਨੂੰ ਧਰਮ ਦੇ ਨਜ਼ਰੀਏ ਤੋਂ ਸਮਝਣਾ ਹੋਰ ਗੱਲ ਹੈ ਅਤੇ ਆਮ ਇਤਿਹਾਸਕ ਸਮਝ ਨਾਲ ਸਮਝਣਾ ਹੋਰ ਗੱਲ ਹੈ। ਇਹ ਫ਼ਰਕ ਨੂੰ ਜਾਣਨਾ ਏਨਾ ਅਹਿਮ ਹੈ ਕਿ ਜੀਵਨ-ਸੇਧ ਦੇ ਅਰਥ ਬਦਲ ਜਾਂਦੇ ਹਨ। ਧਰਮ ਜਾਂ ਇਤਿਹਾਸ ਵਿਚੋਂ ਕਿਸ ਨੂੰ ਜੀਵਨ-ਸੇਧ ਵਜੋਂ ਅਪਨਾਉਣਾ ਹੈ, ਇਸ ਸਵਾਲ ਤੋਂ ਲੈ ਕੇ ਪਰਛਾਵੇਂ ਬਣਾ ਕੇ ਵੇਖਣ-ਵਿਖਾਉਣ ਦੇ ਮਨਸ਼ੇ ਅਤੇ ਅਮਲ ਤੱਕ ਸਮੁੱਚੇ ਜੀਵਨ 'ਤੇ ਇਸ ਫ਼ਰਕ ਦਾ ਅਸਰ ਹੁੰਦਾ ਹੈ।

## ਧਰਮ ਇਤਿਹਾਸ ਦੇ ਫ਼ਰਕ ਦਾ ਸਵਾਲ

ਧਰਮ ਅਤੇ ਇਤਿਹਾਸ ਦੇ ਫ਼ਰਕ ਨੂੰ ਸਮਝਣ ਲਈ ਕੁਝ ਨੁਕਤੇ ਵਿਚਾਰਨਯੋਗ ਹਨ।

ਇਤਿਹਾਸ ਜਾਣਨ ਦੀ ਆਮ ਵਿਧੀ ਪਦਾਰਥਵਾਦੀ ਹੈ, ਜਿਸ ਨੂੰ ਧਰਮ ਦੀ ਬੋਲੀ ਵਿਚ ਸੰਸਾਰੀ ਜਾਂ ਭੋਗਵਾਦੀ ਬਿਰਤੀ ਵੀ ਕਹਿੰਦੇ ਹਨ। ਇਸ ਵਿਧੀ ਨਾਲ ਧਰਮ ਜੀਵਨ-ਸੇਧ ਨਾ ਹੋ ਕੇ ਇਤਿਹਾਸ ਵਾਂਗ ਅਧਿਐਨ ਦਾ ਇਕ ਵਿਸ਼ਾ ਬਣ ਜਾਂਦਾ ਹੈ, ਜੋ ਬਿਰਤਾਂਤ ਦੇ ਅਰਥਾਂ ਤੱਕ ਸਿਮਟ ਜਾਂਦਾ ਹੈ। ਇਤਿਹਾਸ ਦੇ ਬਿਰਤਾਂਤ ਹੋਣ ਦੀ ਗੱਲ ਇਤਿਹਾਸ ਦੇ ਸਿਧਾਂਤਕਾਰਾਂ ਅਤੇ ਇਤਿਹਾਸਕਾਰਾਂ ਨੇ ਲਿਖਤ ਰੂਪ ਵਿਚ ਕਹੀ ਹੋਈ ਹੈ ਪਰ ਧਰਮ ਬਾਰੇ ਧਰਮ ਬਾਨੀਆਂ ਅਤੇ ਸਿਧਾਂਤਕਾਰਾਂ ਨੇ ਇਹ ਗੱਲ ਨਹੀਂ ਆਖੀ। ਦੋਵਾਂ ਪਾਸਿਆਂ ਦੇ ਸਿਧਾਂਤਕਾਰ ਆਪਣੇ-ਆਪਣੇ ਪੱਖ ਬਾਰੇ ਕੀ ਕਹਿੰਦੇ ਹਨ, ਓਹਨਾਂ ਦੇ ਵਿਚਾਰ ਜਾਣੋ ਤਾਂ ਗੱਲ ਸੌਖੇ ਰੂਪ ਵਿਚ ਸਮਝ ਆਏਗੀ ਕਿ ਧਰਮ ਕੀ ਹੈ, ਧਰਮ ਅਤੇ ਇਤਿਹਾਸ ਦਾ ਅਸਲ ਵਿਚ ਕਿੰਨਾ ਕੁ ਫ਼ਰਕ ਹੈ।

ਮੂਲ ਅਸੂਲ: ਹਰ ਧਰਮ ਨੇ ਆਪਣੇ ਸ਼ਬਦਾਂ ਵਿਚ ਆਪਣੇ ਤਰੀਕੇ ਨਾਲ ਧਰਮ ਨੂੰ ਜ਼ਿੰਦਗੀ ਦਾ ਮੂਲ ਕਿਹਾ ਹੈ। ਧਰਮ ਦਾ ਸਾਦਾ ਅਰਥ ਮੂਲ ਅਸੂਲ ਬਣਦਾ ਹੈ (ਜਿਹੜੇ ਰੱਬ/ਧਰਮ ਨੂੰ ਨਹੀਂ ਮੰਨਦੇ ਓਹ ਵੀ ਨੈਤਿਕਤਾ ਨੂੰ ਤਾਂ ਮੰਨ ਹੀ ਲੈਂਦੇ ਹਨ)। ਧਰਮ ਦੀ ਗੱਲ ਧਰਮ ਬਾਨੀਆਂ ਅਨੁਸਾਰ 'ਸੱਚ ਦੀ ਗੱਲ' ਹੁੰਦੀ

ਹੈ। ਆਖ਼ਰ ਕੋਈ ਵੱਡਾ ਕਾਰਨ ਹੋਵੇਗਾ ਕਿ ਦੁਨੀਆ ਦੇ ਸਾਰੇ ਧਰਮਾਂ ਨੇ 'ਸੱਚ ਨੂੰ ਧਰਮ ਰੂਪ' ਕਿਹਾ ਹੈ। ਇਸ ਦੇ ਉਲਟ ਇਤਿਹਾਸ ਦਾ ਕੋਈ ਸਿਧਾਂਤਕਾਰ ਜਾਂ ਵੱਡਾ ਇਤਿਹਾਸਕਾਰ ਇਤਿਹਾਸ ਦੇ ਸੱਚ ਹੋਣ ਦੀ ਗਵਾਹੀ ਨਹੀਂ ਭਰਦਾ। ਇਤਿਹਾਸਕਾਰ ਪੱਕੇ ਸਬੂਤਾਂ ਵਿਚ ਵੀ ਝੂਠ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕਰ ਸਕਦੇ। ਧਰਮ ਵਿਚ ਅਤੇ ਇਤਿਹਾਸ ਵਿਚ ਝੂਠ ਦੇ ਅਰਥਾਂ ਦਾ ਬਹੁਤ ਵੱਡਾ ਫ਼ਰਕ ਹੈ। ਸਾਰੇ ਧਰਮਾਂ ਨੇ ਅਤੇ ਬਹੁਤੇ ਨਾਸਤਕਾਂ ਨੇ ਵੀ ਝੂਠ ਨੂੰ ਮਾੜਾ ਕਿਹਾ ਹੈ। ਇਹ ਯਾਦ ਰੱਖਣਾ ਬਹੁਤ ਜ਼ਰੂਰੀ ਹੈ ਕਿ ਜ਼ਿੰਦਗੀ ਅਤੇ ਜਹਾਨ ਨੂੰ ਜਾਣਨ ਦੇ ਸਾਰੇ ਆਸਤਕ-ਨਾਸਤਕ ਰਾਹ 'ਸੱਚ', 'ਝੂਠ' ਦਾ ਪੈਮਾਨਾ ਤੈਅ ਕਰਕੇ ਹੀ ਆਪਣੇ ਵਿਚਾਰ ਦਾ ਢਾਂਚਾ ਖੜ੍ਹਾ ਕਰਦੇ ਹਨ। 'ਸੱਚ', 'ਝੂਠ' ਵਿਚਲਾ ਫ਼ਰਕ ਅਖੀਰ ਨੂੰ ਜ਼ਿੰਦਗੀ ਦੇ ਧੁਰੇ ਨਾਲ ਜੁੜ ਜਾਂਦਾ ਹੈ, ਜਿੱਥੇ ਹਰ ਸਮਾਜ ਦੀਆਂ ਕਦਰਾਂ-ਕੀਮਤਾਂ ਅਤੇ ਮਾਨਤਾਵਾਂ ਖੜ੍ਹੀਆਂ ਹੁੰਦੀਆਂ ਹਨ।

ਇਸ ਕਰਕੇ ਇਹ ਗੱਲ ਬਹੁਤ ਧਿਆਨ ਨਾਲ ਸਮਝਣ ਵਾਲੀ ਹੈ ਕਿ ਧਰਮ ਅਤੇ ਇਤਿਹਾਸ ਵਿਚਲਾ ਫ਼ਰਕ ਕਿਹੜੇ ਕਾਰਨਾਂ ਕਰਕੇ ਸਮਾਜਿਕ ਮਾਨਤਾਵਾਂ ਵਾਲੀ 'ਸੱਚ', 'ਝੂਠ' ਦੀ ਮੂਲ ਵੰਡ ਨਾਲ ਜੁੜਦਾ ਹੈ।ਇਸ ਨੂੰ ਸਮਝਣ ਲਈ ਦੋ ਫ਼ਰਕ ਵੇਖਣ ਵਾਲੇ ਹਨ। ਪਹਿਲਾ ਫ਼ਰਕ ਹੈ ਮੂਲ ਅਸੂਲ ਮੰਨਣ ਦਾ। ਜੇ ਧਰਮ ਨੂੰ ਮੂਲ ਅਸੂਲ ਮੰਨੀਏ ਤਾਂ ਇਹ ਪਵਿੱਤਰਤਾ ਦੇ ਅਰਥ ਧਾਰਨ ਕਰਦਾ ਹੈ। ਪਵਿੱਤਰਤਾ ਦੇ ਘੇਰੇ ਤੋਂ ਬਾਹਰਲਾ ਸਭ ਕੁਝ ਸੰਸਾਰੀ ਜਾਣਕਾਰੀ ਹੀ ਹੈ। ਇਸ ਦੇ ਅਨੁਸਾਰ ਆਮ ਇਤਿਹਾਸ ਵੀ ਜਾਣਕਾਰੀ ਹੀ ਹੈ। ਜੇ ਆਮ ਇਤਿਹਾਸ ਨੂੰ ਮੂਲ ਅਸੂਲ ਮੰਨੀਏ ਤਾਂ ਧਰਮ ਅਤੇ ਇਤਿਹਾਸ ਸਮੇਤ ਸਭ ਕੁਝ ਹੀ ਜਾਣਕਾਰੀ ਹੈ। ਦੂਜਾ ਫ਼ਰਕ ਹੈ ਸਬੂਤ ਮੰਨਣ ਦਾ। ਧਰਮ ਲਈ ਸੱਚ ਅਮਲ ਦਾ ਮਹੱਤਵ ਹੈ ਅਤੇ ਉਹ ਹੀ ਸਬੂਤ ਹੈ। ਆਮ ਇਤਿਹਾਸ ਲਈ ਲਿਖਤੀ ਜਾਂ ਵਸਤਾਂ ਵਾਲੇ ਸਬੂਤਾਂ ਦਾ ਮਹੱਤਵ ਹੁੰਦਾ ਹੈ। ਇਤਿਹਾਸਕ ਸਚਾਈ ਸਬੂਤਾਂ ਦੀ ਮੁਥਾਜ ਹੁੰਦੀ ਹੈ।

## ਜਾਣਕਾਰੀ ਅਤੇ ਪਵਿੱਤਰਤਾ

ਇਤਿਹਾਸ ਜਾਣਕਾਰੀ ਵਿਚ ਢਲ ਸਕਦਾ ਹੈ ਕਿਉਂਕਿ ਉਸ ਦੀ ਪੈਦਾਵਾਰ ਹੀ ਜਾਣਕਾਰੀ ਰੂਪ ਵਿਚ ਹੁੰਦੀ ਹੈ ਪਰ ਜੋ ਪਵਿੱਤਰ ਹੈ ਉਹ ਜਾਣਕਾਰੀ ਵਿਚ ਤਬਦੀਲ ਨਹੀਂ ਹੁੰਦਾ। ਪਵਿੱਤਰ ਉਂਞ ਵੀ ਤਬਦੀਲ ਨਹੀਂ ਹੁੰਦਾ ਪਰ ਜਾਣਕਾਰੀ ਬਦਲਦੀ ਅਤੇ ਵਧਦੀ ਰਹਿੰਦੀ ਹੈ। ਜੋ ਪਵਿੱਤਰ ਹੈ ਉਸ ਦੀ ਹੋਂਦ ਇਤਿਹਾਸ ਕਰਕੇ ਨਹੀਂ ਹੈ ਭਾਵੇਂ ਉਸ ਦਾ ਲਿਖਤੀ ਇਤਿਹਾਸ ਵੀ ਮਿਲਦਾ ਹੋਵੇ। ਮਿਸਾਲ ਵਜੋਂ ਸਿੱਖਾਂ ਲਈ ਗੁਰੂ ਦੇ ਨਾਮ ਵਿਚ ਘਾਟਾ-ਵਾਧਾ ਨਹੀਂ ਹੋ ਸਕਦਾ ਭਾਵੇਂ ਇਤਿਹਾਸ ਦੇ ਸਰੋਤ ਵੱਧ-ਘੱਟ ਜਾਂ ਖ਼ਤਮ ਹੋ ਜਾਣ। ਸਿੱਖਾਂ ਲਈ ਸ਼ਹੀਦਾਂ ਦਾ ਨਾਮ ਵੀ ਪਵਿੱਤਰ ਹੈ। ਸ਼ਹੀਦਾਂ ਦੇ ਇਤਿਹਾਸ ਦੇ ਸਰੋਤ ਜਾਂ ਓਹਨਾਂ ਦੀ ਗਿਣਤੀ ਤਾਂ ਘੱਟ-ਵੱਧ ਸਕਦੀ ਹੈ ਪਰ ਓਹਨਾਂ ਦੇ ਰੁਤਬੇ ਨੂੰ ਫ਼ਰਕ ਨਹੀਂ ਪਵੇਗਾ। ਜੋ ਕੁਝ ਧਰਮ ਵਜੋਂ ਪ੍ਰਵਾਨ ਹੈ ਉਹ ਥਾਂ ਅਤੇ ਸਮੇਂ ਦੀ ਹੱਦ ਤੋਂ ਪਾਰ ਹੈ। ਅਸਲ ਵਿਚ ਧਰਮ ਦਾ ਇਤਿਹਾਸ ਨਹੀਂ ਹੁੰਦਾ ਸਗੋਂ 'ਸੱਚੀ ਸਾਖੀ' ਹੁੰਦੀ ਹੈ। ਕੋਈ ਵੀ ਇਤਿਹਾਸ ਭਾਵੇਂ ਜਾਣਕਾਰੀ ਰੂਪ ਵਿਚ ਝੂਠ ਨਹੀਂ ਹੁੰਦਾ ਪਰ ਉਹ ਯਕੀਨ ਵਾਲੀ ਪਵਿੱਤਰਤਾ ਦਾ ਭਾਰ ਨਹੀਂ ਚੁੱਕਦਾ। ਪਵਿੱਤਰਤਾ ਬਿਨਾਂ ਇਤਿਹਾਸਕ ਜਾਣਕਾਰੀ ਨਾਲ ਲੱਦਿਆ ਜੀਵਨ ਵੀ ਅਸਲ ਵਿਚ ਖ਼ਾਲੀ ਹੋ ਸਕਦਾ ਹੈ ਜੋ ਧਰਮ ਦੇ ਪਾਸਕੂ ਨਾਲ ਵੀ ਨਹੀਂ ਤੁਲਦਾ। ਇਤਿਹਾਸ ਜਾਂ ਹੋਰ ਕਿਸੇ ਵੀ ਤਰੀਕੇ ਦੀ ਜਾਣਕਾਰੀ ਬੰਦੇ ਨੂੰ ਮਾਣ ਨਾਲ ਭਰਨ ਵਾਲੀ ਉਚਾਈ ਤੱਕ ਹੀ ਲਿਜਾ ਸਕਦੀ ਹੈ ਪਰ ਪਵਿੱਤਰਤਾ ਦੇ ਅਹਿਸਾਸ ਤੱਕ ਨਹੀਂ ਲਿਜਾਂਦੀ। ਜਾਣਕਾਰੀ ਅਤੇ ਪਵਿੱਤਰਤਾ ਨੂੰ ਧਾਰਨ ਕਰਨ ਦੇ ਰਾਹ ਜੇ ਆਪਸ ਵਿਰੋਧੀ ਨਹੀਂ ਤਾਂ ਯਕੀਨਨ ਵੱਖਰੇ ਹਨ। ਸਭ ਤੋਂ ਵੱਡਾ ਫ਼ਰਕ ਅਮਲ ਦਾ ਹੈ। ਇਤਿਹਾਸ ਦੀ ਗੱਲ ਕੋਈ ਵੀ ਆਖ ਸਕਦਾ ਹੈ ਪਰ ਧਰਮ ਦੀ ਗੱਲ ਆਖਣ ਦਾ ਅਸਲ ਹੱਕਦਾਰ ਉਹੀ ਹੈ ਜਿਸ ਨੇ ਧਰਮ ਧਾਰਿਆ ਹੈ। ਅਮਲਹੀਣ ਗੱਲ ਸਿਰਫ਼ ਜਾਣਕਾਰੀ ਹੀ ਬਣ ਸਕਦੀ ਹੈ। ਇਸ ਕਰਕੇ ਹੀ ਬਹੁਤੇ ਲੋਕ ਧਰਮ ਨੂੰ ਇਤਿਹਾਸ ਰੂਪ ਵਿਚ ਪ੍ਰਚਾਰਨਾ ਚਾਹੁੰਦੇ ਹਨ ਕਿਉਂਕਿ ਓਹ ਉਸੇ ਧਰਮ ਦੇ ਅਮਲ ਤੋਂ ਬਚਣਾ ਚਾਹੁੰਦੇ ਹਨ, ਜਿਸ ਦੇ ਉਹ ਵਾਰਸ ਜਾਂ ਪ੍ਰਚਾਰਕ ਬਣਨਾ ਚਾਹੁੰਦੇ ਹਨ। ਧਰਮ ਨੂੰ ਪਰਛਾਵਿਆਂ ਦੇ ਰੂਪ ਵਿਚ ਵਿਰਸੇ ਦੀ ਸੋਝੀ ਵਜੋਂ ਪ੍ਰਚਾਰਨ ਪਿੱਛੇ ਵੀ ਇਹੋ ਭਾਵਨਾ ਜਾਪਦੀ ਹੈ।

ਅਮਲ ਅਤੇ ਸਬੂਤ ਵਿਚਲਾ ਫ਼ਰਕ ਮੋਟੇ ਰੂਪ ਵਿਚ ਅਸੀਂ ਜੋ ਇਤਿਹਾਸ ਮੰਨਦੇ ਹਾਂ ਉਹ ਇਕ ਬਿਰਤਾਂਤ ਹੁੰਦਾ ਹੈ ਜੋ ਪ੍ਰਾਪਤ ਸਬੂਤਾਂ ਦੇ ਆਧਾਰ 'ਤੇ (ਕਾਰਨ ਕਾਰਜ ਵਾਲੀਆਂ) ਦਲੀਲਾਂ ਨਾਲ ਬੁਣਿਆ ਹੁੰਦਾ ਹੈ। ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਰੌਚਿਕਤਾ ਅਤੇ ਕਾਰਨ ਕਾਰਜ ਦੀਆਂ ਜਚਵੀਆਂ ਦਲੀਲਾਂ ਕਰਕੇ ਮਿਥਕ ਬਿਰਤਾਂਤ ਅਕਸਰ ਇਤਿਹਾਸ ਤੋਂ ਵਧੇਰੇ ਚਰਚਿਤ ਹੁੰਦਾ ਹੈ। ਪਰ ਧਰਮ ਦੀ ਗੱਲ ਰੌਚਕ ਬਿਰਤਾਂਤ ਵਾਲੀ ਤੱਕੜੀ ਨਾਲ ਨਹੀਂ ਤੁਲਦੀ, ਕਿਉਂਕਿ ਧਰਮ ਅਟੁੱਟ ਯਕੀਨ ਵਾਲੇ ਅਮਲ ਦੀ ਗਵਾਹੀ ਮੰਗਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਮੌਤ ਅਤੇ ਮੁਸ਼ਕਲ ਵਾਲੀ ਪਰਖ ਤੋਂ ਬਿਨਾਂ ਯਕੀਨ ਵਾਲੇ ਅਮਲ ਦੀ ਸਚਾਈ ਦਾ ਕੋਈ ਪਤਾ ਨਹੀਂ ਲੱਗਦਾ। ਇਸ ਕਰਕੇ ਹੀ ਧਰਮ ਦੇ ਨਾਂਅ 'ਤੇ ਝੂਠੇ ਡੇਰੇ ਵੀ ਚੱਲਦੇ ਰਹਿੰਦੇ ਹਨ। ਇਤਿਹਾਸ ਵੀ ਦੁਨੀਆ ਵਿਚ ਜੀਣ ਦਾ ਵੱਡਾ ਆਸਰਾ ਹੈ ਪਰ ਧਰਮ ਮਨੁੱਖ ਨੂੰ ਯਕੀਨ ਨਾਲ ਭਰਦਾ ਹੈ, ਜੋ ਦਿਸਦੇ ਪਾਸਾਰੇ ਤੋਂ ਪਾਰ ਹਸਤੀ ਨੂੰ ਮਹਿਸੂਸ ਕਰਨ ਦਾ ਆਸਰਾ ਹੈ। ਮਾਣਯੋਗ ਇਤਿਹਾਸ ਵੀ ਧਰਮ ਵਰਗੇ ਆਸਰੇ ਬਿਨਾਂ ਨਾ ਹੀ ਸਿਰਜਿਆ ਜਾਂਦਾ ਹੈ ਅਤੇ ਨਾ ਹੀ ਸਮਝ ਆਉਂਦਾ ਹੈ। ਇਤਿਹਾਸ ਦੇ ਨਜ਼ਰੀਏ ਨਾਲ ਧਰਮ ਨੂੰ ਸਮਝਣਾ ਔਖਾ ਹੁੰਦਾ ਹੈ ਕਿਉਂਕਿ ਧਰਮ ਆਪਣੇ ਜੀਣ ਲਈ ਧਾਰਿਆ ਜਾਂਦਾ ਹੈ ਨਾ ਕਿ ਜਾਣਕਾਰੀ ਹਾਸਲ ਕਰਨ ਜਾਂ ਪੈਦਾ ਕਰਨ ਲਈ। ਧਾਰਮਿਕ ਲੋਕਾਂ ਨੂੰ ਆਪਣੇ ਅਮਲ ਅਤੇ ਯਕੀਨ ਦੇ ਸਬੂਤ ਪੈਦਾ ਕਰਨ ਦੀ ਲੋੜ ਨਹੀਂ ਹੁੰਦੀ ਜਿਵੇਂ ਕਿ ਇਤਿਹਾਸ ਬਣਾਉਣ ਦੇ ਚਾਹਵਾਨ ਲੋਕਾਂ ਨੂੰ ਹੁੰਦੀ ਹੈ। ਧਰਮ ਬਾਨੀਆਂ ਨੇ ਹੀ ਧਰਮ ਦੇ ਨੇਮਾਂ ਅਸੂਲਾਂ ਨੂੰ ਜੀਅ ਕੇ ਦੱਸਣ ਨੂੰ ਪਹਿਲ ਦਿੱਤੀ ਹੈ। ਇਹ ਸਮਝਣ ਵਾਲੀ ਗੱਲ ਹੈ ਕਿ ਓਹਨਾਂ ਨੇ ਇਤਿਹਾਸ ਲਿਖਣ ਨੂੰ ਪਹਿਲ ਕਿਉਂ ਨਹੀਂ ਦਿੱਤੀ। ਧਾਰਮਿਕ ਲੋਕਾਂ ਦੇ ਉਲਟ ਰਾਜਿਆਂ, ਅਮੀਰਾਂ, ਵਪਾਰੀਆਂ, ਕਲਾਕਾਰਾਂ, ਵਿਦਵਾਨਾਂ ਅਤੇ ਯੋਧਿਆਂ ਆਦਿ ਨੇ ਕਈ ਤਰੀਕਿਆਂ ਨਾਲ ਆਪਣਾ ਨਾਂਅ ਰੱਖਣ ਦੇ ਯਤਨ ਕੀਤੇ ਹਨ।

ਜੋ ਕੁਝ ਇਤਿਹਾਸ ਵਜੋਂ ਮੰਨਿਆ ਜਾਂਦਾ ਹੈ ਉਹ ਅਦਾਲਤ ਵਿਚ ਦਿੱਤੇ ਬਿਆਨ ਵਰਗਾ ਹੁੰਦਾ ਹੈ। ਅਗਲਿਆਂ ਨੇ ਪੜਚੋਲ ਦੇ ਨਾਂਅ 'ਤੇ ਸ਼ਹਾਦਤ (ਗਵਾਹੀ) ਅਤੇ ਸ਼ਹੀਦ (ਗਵਾਹ) ਦੀ ਖੱਲ ਲਾਹੁਣੀ ਹੁੰਦੀ ਹੈ। ਉਹ ਗਵਾਹ ਦੇ ਬਿਆਨ 'ਤੇ ਵੀ ਅਤੇ ਉਸ ਦੀ ਹਸਤੀ 'ਤੇ ਵੀ ਸ਼ੱਕ ਕਰਦੇ ਹਨ। ਧਰਮ ਦੀ ਪਰਛਾਵਿਆਂ ਵਜੋਂ ਪੇਸ਼ਕਾਰੀ ਨੂੰ ਇਸ ਪੱਖ ਤੋਂ ਵੀ ਸਮਝਣਾ ਚਾਹੀਦਾ ਹੈ ਕਿ ਜਿਹੜੇ ਲੋਕ ਗੁਰੂ ਸਾਹਿਬ ਅਤੇ ਸ਼ਹੀਦਾਂ ਦੇ ਜੀਵਨ ਨੂੰ ਮਨੁੱਖੀ ਜਾਂ ਬਿਜਲਈ ਪਰਛਾਵਿਆਂ ਦੇ ਰੂਪ ਵਿਚ ਸਿੱਖੀ ਦੇ ਸਬੂਤ ਵਜੋਂ ਪੇਸ਼ ਕਰ ਰਹੇ ਹਨ, ਓਹ ਦੋ ਵੱਡੀਆਂ ਗ਼ਲਤੀਆਂ ਕਰ ਰਹੇ ਹਨ। ਇਕ ਤਾਂ ਓਹ ਆਪਣੇ ਲਈ ਸਭ ਤੋਂ ਪਵਿੱਤਰ ਨੂੰ ਦੁਨੀਆ ਅੱਗੇ ਬੇਲੋੜੇ ਸਬੂਤਾਂ ਵਾਂਗ ਪੇਸ਼ ਕਰ ਰਹੇ ਹਨ, ਲਿਹਾਜ਼ਾ ਦੂਜਿਆਂ ਨੂੰ ਪੜਚੋਲ ਕਰਨ ਜਾਂ ਨਕਾਰਨ ਦਾ ਮੌਕਾ ਦੇ ਕੇ ਬੇਅਦਬੀ ਨੂੰ ਸੱਦਾ ਦੇ ਰਹੇ ਹਨ। ਦੂਜਾ, ਓਹ ਜ਼ਿੰਦਗੀ ਵਿਚ ਜੋ ਸਭ ਤੋਂ ਕੀਮਤੀ ਹੈ ਉਸ ਨੂੰ ਹੀ ਮਸ਼ਹੂਰੀ ਜਾਂ ਵੰਨਗੀ ਵਿਖਾਵੇ ਵਜੋਂ ਹੀ ਦੁਨੀਆ ਵਿਚ ਪੇਸ਼ ਕਰ ਰਹੇ ਹਨ। ਫਿਰ ਓਹਨਾਂ ਦੇ ਪੱਲੇ ਵਿਚ ਕੀ ਰਹਿ ਜਾਂਦਾ ਹੈ ? ਧਰਮ ਨੂੰ ਮੰਨਣ ਵਾਲੇ ਲੋਕ ਜਾਣਦੇ ਹਨ ਕਿ ਪਵਿੱਤਰਤਾ ਵਿਖਾਈ ਨਹੀਂ ਜਾਂਦੀ, ਲੁਕਾਈ ਜਾਂਦੀ ਹੈ। ਜੋ ਵਿਖਾਇਆ ਜਾਵੇ ਉਹ ਮਸ਼ਹੂਰੀ ਦਾ ਸਾਧਨ ਹੁੰਦਾ ਹੈ। ਮਸ਼ਹੂਰੀ ਦਾ ਕੋਈ ਸਾਧਨ ਵੀ ਧਰਮ ਦੇ ਵਾਧੇ ਦਾ ਸਾਧਨ ਨਹੀਂ ਹੁੰਦਾ ਸਗੋਂ ਆਉਂਦੀ ਪੀੜ੍ਹੀ ਨੂੰ ਧਰਮ ਤੋਂ ਦੂਰ ਲੈ ਜਾਂਦੀ ਹੈ।

ਧਰਮ ਅਤੇ ਆਮ ਇਤਿਹਾਸ ਦੇ ਫ਼ਰਕ ਬਾਰੇ ਗੱਲ ਕਰਨ ਤੋਂ ਬਾਅਦ ਧਰਮ ਇਤਿਹਾਸ ਅਤੇ ਆਮ ਇਤਿਹਾਸ ਨੂੰ ਸਾਂਭਣ ਦੀ ਸਮਝ ਅਤੇ ਲੋੜ ਬਾਰੇ ਵੀ ਗੱਲ ਕਰਨੀ ਜ਼ਰੂਰੀ ਹੈ।

## ਧਰਮ ਇਤਿਹਾਸ ਨੂੰ ਸਾਂਭਣ ਦਾ ਸਵਾਲ

ਪਤਾ ਨਹੀਂ ਕਿਵੇਂ ਇਹ ਮਨੌਤ ਬਹੁਤ ਚਰਚਿਤ

ਹੋ ਗਈ ਹੈ ਕਿ ਸਿੱਖ ਇਤਿਹਾਸ ਬਣਾਉਂਦੇ ਹਨ ਪਰ ਸਾਂਭਦੇ ਨਹੀਂ। ਸ਼ਾਇਦ ਇਹ ਆਮ ਇਤਿਹਾਸ ਸਾਂਭਣ ਦੇ ਨੁਕਤੇ ਤੋਂ ਕਹੀ ਹੋਈ ਗੱਲ ਹੈ ਕਿਉਂਕਿ ਧਰਮ ਦਾ ਇਤਿਹਾਸ ਸਾਂਭਣ ਨਾਲੋਂ ਸਿਮਰਿਆ ਵਧੇਰੇ ਜਾਂਦਾ ਹੈ। ਧਰਮ ਇਤਿਹਾਸ ਕੰਧਾਂ ਜਾਂ ਪਰਦਿਆਂ 'ਤੇ ਨਹੀਂ ਚਿਤਰਿਆ ਜਾਂਦਾ ਸਗੋਂ ਹਿਰਦਿਆਂ 'ਤੇ ਸ਼ਬਦ ਕਣੀਆਂ ਨਾਲ ਉੱਤਰਦਾ ਹੈ ਜਿੱਥੇ ਉਹ ਸਦਾ ਤਾਜ਼ਾ, ਧੜਕਦਾ ਅਤੇ ਪਵਿੱਤਰ ਰਹਿੰਦਾ ਹੈ। ਸਿੱਖਾਂ ਤੋਂ ਵੱਧ ਸ਼ਾਇਦ ਕਿਸੇ ਨੇ ਹੀ ਆਪਣੇ ਧਰਮ ਇਤਿਹਾਸ ਨੂੰ ਏਨੇ ਸੁਚੱਜੇ ਤਰੀਕੇ ਨਾਲ ਸਾਂਭਿਆ ਹੋਵੇ। ਧਰਮ ਇਤਿਹਾਸ ਨੂੰ ਸਿਮਰਨ ਦਾ ਸਿੱਖ ਅਰਦਾਸ ਤੋਂ ਬਿਹਤਰ ਹੋਰ ਕੋਈ ਵੀ ਰੂਪ ਅਤੇ ਤਰੀਕਾ ਦੁਨੀਆ ਵਿਚ ਵੇਖਣ ਨੂੰ ਨਹੀਂ ਮਿਲਦਾ ਹੈ।

ਮਨੁੱਖ ਨੇ ਆਪਣੇ ਜੀਵਨ ਵਿਚ ਅਸਲ ਵਿਚ ਉਹੀ ਸਾਂਭਿਆ ਹੈ, ਜੋ ਉਹਨੇ ਚੇਤੇ ਵਿਚ ਸਾਂਭਿਆ ਹੈ। ਵਿਰਾਸਤ ਵਜੋਂ ਵੀ ਉਹੀ ਸਾਂਭਿਆ ਜਾਂਦਾ ਹੈ ਜੋ ਸ਼ਬਦ ਰੂਪ ਵਿਚ ਸਾਂਭਿਆ ਹੋਵੇ। ਕੋਈ ਸ਼ੈਅ ਵੀ ਸ਼ਬਦ ਨਾਲੋਂ ਵਧੇਰੇ ਚਿਰੰਜੀਵੀ ਵਿਰਾਸਤ ਨਹੀਂ ਹੋ ਸਕਦੀ। ਸਾਂਭਣ ਅਤੇ ਸਿਮਰਨ ਦਾ ਸ਼ਬਦ ਤੋਂ ਉਤਮ ਹੋਰ ਕੋਈ ਵੀ ਸਾਧਨ ਨਹੀਂ ਹੈ। ਹੀਰੇ ਮੋਤੀ, ਧਨ ਮਾਲ ਸਮੇਤ ਜਹਾਨ ਦੀ ਹਰ ਸ਼ੈਅ ਦੀ ਕੀਮਤ ਹੀ ਮਨੁੱਖ ਅੰਦਰ ਸ਼ਬਦ ਰੂਪ ਵਿਚ ਵਸੀ ਹੋਈ ਹੈ। ਇਸ ਲਈ ਸ਼ਬਦ ਪਦਾਰਥ ਦੀ ਕੀਮਤ ਵਜੋਂ ਵੀ ਮੂਲ ਹੈ ਅਤੇ ਧਰਮ ਰੂਪ ਵਿਚ ਵੀ। ਸਾਡੇ ਲਈ ਤਾਂ ਸ਼ਬਦ ਰੂਪ ਸਭ ਤੋਂ ਉਤਮ ਅਤੇ ਪਵਿੱਤਰ ਹੈ ਫਿਰ ਧਰਮ ਅਤੇ ਧਰਮ ਇਤਿਹਾਸ ਨੂੰ ਕਿਸੇ ਹੋਰ ਰੂਪ ਵਿਚ ਸਾਂਭਣ ਦਾ ਖਿਆਲ ਵੀ ਸਾਡੇ ਮਨ ਵਿਚ ਕਿਵੇਂ ਆ ਸਕਦਾ ਹੈ ?

ਜਿਹੜਾ ਬੰਦਾ ਧਾਰਮਿਕ ਹੈ ਉਹਦੇ ਲਈ ਧਰਮ ਦੇ ਨੇਮਾਂ ਅਸੂਲਾਂ ਨੂੰ ਅਮਲ ਵਿਚ ਧਾਰਨ ਕਰਨਾ ਹੀ ਅਸਲ ਵਿਚ ਉਹਨਾਂ ਨੂੰ ਸਾਂਭਣਾ ਹੈ। ਇਹ ਜ਼ਰੂਰੀ ਨਹੀਂ ਕਿ ਧਰਮੀ ਬੰਦਾ ਆਮ ਇਤਿਹਾਸ ਸਾਂਭਣ ਦੇ ਤਰੀਕੇ ਬਾਰੇ ਸੁਚੇਤ ਹੋਵੇ ਜਾਂ ਏਦਾਂ ਇਤਿਹਾਸ ਨੂੰ ਸਾਂਭਣਾ ਉਹਦੇ ਲਈ ਮਾਅਨੇ ਵੀ ਰਖਦਾ ਹੋਵੇ। ਸਿੱਖਾਂ ਵਲੋਂ ਇਤਿਹਾਸ ਨੂੰ ਪਦਾਰਥਕ ਰੂਪ ਵਿਚ ਨਾ ਸਾਂਭਣ ਪਿੱਛੇ ਵੱਡਾ ਕਾਰਨ ਧਾਰਮਿਕ ਭਾਵਨਾ ਹੀ ਹੈ। ਓਹਨਾਂ ਲਈ ਅਚੇਤ ਰੂਪ ਵਿਚ ਹੀ ਧਰਮ ਦਾ ਨਜ਼ਰੀਆ ਇਤਿਹਾਸ ਦੀ ਪਦਾਰਥਵਾਦੀ ਸਮਝ ਨਾਲੋਂ ਉੱਪਰ ਹੈ। ਜੋ ਧਰਮ ਅਨੁਸਾਰ ਸੱਚ ਹੈ ਉਹ ਪਵਿੱਤਰ ਰੂਪ ਵਿਚ ਹੈ ਨਾ ਕਿ ਇਤਿਹਾਸਕ ਸਬੂਤਾਂ ਵਾਲੇ ਤੱਥ ਰੂਪ ਵਿਚ। ਇਕ ਧਾਰਮਿਕ ਬੰਦੇ ਲਈ ਸੱਚ ਧਰਮ ਦੀ ਪਵਿੱਤਰਤਾ ਅਤੇ ਤਥਗਤ ਇਤਿਹਾਸ ਦੀ ਮਾਨਤਾ ਵਿਚ ਬਹੁਤ ਫ਼ਰਕ ਹੈ। ਧਰਮ ਅਤੇ ਇਤਿਹਾਸ ਦੇ ਫ਼ਰਕ ਨੂੰ ਏਵੇਂ ਵੀ ਜਾਣਿਆ ਜਾ ਸਕਦਾ ਹੈ ਕਿ ਪਵਿੱਤਰਤਾ ਬੰਦੇ ਲਈ ਹਰ ਸਮੇਂ ਹੀ ਆਸਰਾ ਬਣਦੀ ਹੈ ਜਦਕਿ ਤੱਥਾਂ ਸਬੂਤਾਂ ਵਾਲੀ ਜਾਣਕਾਰੀ ਬੰਦੇ ਲਈ ਕਿੰਨੀ ਵੀ ਕੀਮਤੀ ਹੋਵੇ ਆਖ਼ਰ ਨੂੰ ਉਹ ਬੋਝ ਬਣ ਜਾਂਦੀ ਹੈ।

## ਇਤਿਹਾਸ ਨੂੰ ਸਾਂਭਣ ਦਾ ਸਵਾਲ

ਕਿਸੇ ਵਿਚਾਰ ਨੂੰ ਪ੍ਰਚਾਰਨਾ ਉਹਨੂੰ ਸਾਂਭਣਾ ਹੀ ਹੁੰਦਾ ਹੈ ਪਰ ਧਰਮ ਅਸੂਲਾਂ ਨੂੰ ਜੀਅ ਕੇ ਪ੍ਰਚਾਰਨਾ ਜਾਂ ਉਹਦੇ ਬਾਰੇ ਇਤਿਹਾਸ ਵਜੋਂ ਜਾਣੂ ਕਰਾਉਣਾ ਦੋ ਵੱਖਰੇ ਵਰਤਾਰੇ ਹਨ। ਧਰਮ ਨੂੰ ਆਮ ਇਤਿਹਾਸ ਵਜੋਂ ਪੇਸ਼ ਕਰਨ ਵਾਲੇ ਲੋਕ ਜਾਂ ਤਾਂ ਧਰਮ ਅਤੇ ਇਤਿਹਾਸ ਦੇ ਫ਼ਰਕ ਨੂੰ ਨਹੀਂ ਸਮਝਦੇ ਜਾਂ ਓਹ ਉਹਨੂੰ ਉਲੰਘਣਾ ਚਾਹੁੰਦੇ ਹਨ। ਓਹ ਲੋਕ ਆਪਣੇ ਆਪ ਨੂੰ ਕੁਝ ਵੀ ਸਮਝਣ ਜਾਂ ਦੱਸਣ, ਪਰ ਓਹਨਾਂ ਦੀ ਧਰਮ ਅਤੇ ਸਮੁੱਚੀ ਜ਼ਿੰਦਗੀ ਬਾਰੇ ਅਸਲ ਸਮਝ ਦੁਨੀਆ ਦੀ ਮੁੱਖ ਧਾਰਾ ਵਾਲੀ (ਆਮ ਇਤਿਹਾਸ ਵਿਧੀ ਵਾਲੀ) ਹੀ ਹੁੰਦੀ ਹੈ। ਏਦਾਂ ਦੀ ਸਮਝ ਤੋਂ ਬਿਨਾਂ ਸੰਭਵ ਨਹੀਂ ਹੈ ਕਿ ਬੰਦਾ ਪਵਿੱਤਰ ਅਤੇ ਇਤਿਹਾਸਕ ਵਿਚਲੇ ਫ਼ਰਕ ਨੂੰ ਭੁੱਲ ਜਾਵੇ ਜਾਂ ਉਲੰਘ ਦੇਵੇ।

ਜਦੋਂ ਕੋਈ ਬੰਦਾ ਆਪਣੇ ਧਰਮ ਨੂੰ ਹੀ ਆਮ ਇਤਿਹਾਸ ਵਜੋਂ ਜਾਣਨ ਦੀ ਕੋਸ਼ਿਸ਼ ਕਰਦਾ ਹੈ ਤਾਂ ਧਰਮ ਉਹਦੇ ਲਈ ਜ਼ਿੰਦਗੀ ਧੁਰਾ ਨਹੀਂ ਹੁੰਦਾ ਸਗੋਂ ਇਕ ਵਿਸ਼ਾ ਬਣਦਾ ਹੈ, ਜੋ ਇਤਿਹਾਸ ਦੇ ਨੇਮਾਂ ਅਧੀਨ ਹੀ ਲਿਖਿਆ ਅਤੇ ਪੜ੍ਹਿਆ ਜਾਂਦਾ ਹੈ। ਇਤਿਹਾਸ ਬਾਰੇ ਜੋ ਦੁਨੀਆ ਦੀ ਸਮਝ ਹੁੰਦੀ ਹੈ ਫਿਰ ਉਹੀ ਸਮਝ ਉਹਦੀ ਧਰਮ ਦੀ ਭਾਵਨਾ 'ਤੇ ਅਸਰ ਪਾਉਂਦੀ ਹੈ। ਇਹ ਚੱਕਰ ਵਿਚ ਪਏ ਲੋਕ ਆਪਣੀ ਧਾਰਮਿਕ ਪਛਾਣ ਬਾਰੇ ਸੁਚੇਤ ਹੁੰਦੇ ਹੋਏ ਵੀ ਜਾਣੇ/ਅਨਜਾਣੇ ਦੁਨੀਆ ਦੀ ਸਮਝ ਦੇ ਮੇਚ ਆਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਸਿੱਖ ਕਹਾਉਣ ਵਾਲੇ ਲੋਕਾਂ ਦਾ ਆਪਣੀ ਪਛਾਣ ਬਚਾਉਣ ਜਾਂ ਬਣਾਉਣ ਲਈ ਪਰਛਾਵਿਆਂ ਵੱਲ ਉਲਰਨਾ ਇਸੇ ਸਮਝ ਦਾ ਅਸਲੀ ਨਮੂਨਾ ਹੈ।

ਆਪਣਾ ਇਤਿਹਾਸ ਬੰਦਾ ਆਪਣੇ ਸਿੱਖਣ ਲਈ ਪੜ੍ਹਦਾ ਹੈ ਤਾਂ ਕਿ ਉਹ ਭਵਿੱਖ ਲਈ ਕੋਈ ਸੇਧ ਲੈ ਸਕੇ ਪਰ ਕੋਈ ਆਪਣਾ ਇਤਿਹਾਸ ਦੂਜਿਆਂ ਨੂੰ ਕਿਉਂ ਪੜ੍ਹਾਉਣਾ ਜਾਂ ਜਣਾਉਣਾ ਚਾਹੁੰਦਾ ਹੈ ? ਉੱਤਰ ਵਜੋਂ ਇਹੋ ਸਮਝ ਆਉਂਦਾ ਹੈ ਕਿ ਦੂਜਿਆਂ ਨੂੰ ਆਪਣੇ ਇਤਿਹਾਸ ਬਾਰੇ ਜਾਣੂ ਕਰਾਉਣ ਦੇ ਤਿੰਨ ਕੁ ਕਾਰਨ ਬਣਦੇ ਹਨ ਪਹਿਲਾ, ਜੇਤੂ ਹੋਣ ਦੀ ਹਾਲਤ ਵਿਚ ਦੂਜਿਆਂ 'ਤੇ ਆਪਣੇ ਇਤਿਹਾਸ ਦਾ ਦਾਬਾ ਪਾਉਣਾ, ਦੂਜਾ ਆਪਣੀ ਕਮਜ਼ੋਰ ਹੋਣ ਦੀ ਹਾਲਤ ਵਿਚ ਦੂਜਿਆਂ ਤੋਂ ਮਦਦ ਲੈਣ ਲਈ ਤਰਲਾ ਕਰਨਾ ਅਤੇ ਤੀਜਾ ਵਰਤਮਾਨ ਦੀਆਂ ਔਕੜਾਂ ਤੋਂ ਬਚਣ ਖ਼ਾਤਰ ਇਤਿਹਾਸ ਵਿਚ ਰੁੱਝ ਜਾਣਾ। ਪਰਛਾਵਿਆਂ ਦੀ ਨਵੀਂ ਤਕਨੀਕ ਦਾ ਰੌਲ਼ਾ ਪਾ ਕੇ ਸਾਡੇ ਲੋਕ ਕਿਹੜੇ ਕੰਮ ਲੱਗੇ ਹਨ, ਸਮਝਣਾ ਚਾਹੀਦਾ ਹੈ। ਭਾਵੇਂ ਕੁਝ ਲੋਕ ਬਹੁਤ ਇਮਾਨਦਾਰੀ ਨਾਲ ਪਰਛਾਵੇਂ ਰੂਪ ਵਿਚ ਸਭ ਕੁਝ ਨੂੰ ਸਾਂਭਣ ਦੀ ਇੱਛਾ ਕਰ ਰਹੇ ਹਨ ਪਰ ਸ਼ਾਇਦ ਓਹ ਧਰਮ, ਧਰਮ ਇਤਿਹਾਸ ਅਤੇ ਇਤਿਹਾਸ ਦੇ ਮੂਲ ਫ਼ਰਕ ਨੂੰ ਨਹੀਂ ਸਮਝ ਰਹੇ ਅਤੇ ਨਾ ਹੀ ਸੋਚ ਰਹੇ ਹਨ ਕਿ ਕੀ ਸਾਂਭਣਾ ਚਾਹੀਦਾ ਹੈ ਅਤੇ ਕਿਸ ਰੂਪ ਵਿਚ ? ਧਰਮ ਬਾਰੇ ਅਮਲੀ ਸਮਝ ਦਾ ਫ਼ਰਕ ਹੀ ਹੈ ਜੋ ਸਿੱਖਾਂ ਅੰਦਰ ਪਰਛਾਵਿਆਂ ਬਾਰੇ ਵੱਖਰੀਆਂ-ਵੱਖਰੀਆਂ ਰਾਵਾਂ ਦੀ ਟੇਕ ਬਣ ਰਿਹਾ ਹੈ। ਇਹ ਰਾਵਾਂ ਵੀ ਵੇਖਣੀਆਂ ਚਾਹੀਦੀਆਂ ਹਨ।

## ਪਰਛਾਵਿਆਂ ਬਾਰੇ ਵਿਚਾਰਾਂ ਦੀ ਟੇਕ

ਮਨੁੱਖ ਅਸਲ ਵਿਚ ਇਕ ਵੇਲੇ ਇਕੋ ਵਿਚਾਰ ਅਨੁਸਾਰ ਜ਼ਿੰਦਗੀ ਅਤੇ ਦੁਨੀਆ ਨੂੰ ਸਮਝਦਾ ਹੈ। ਪਰਛਾਵਿਆਂ ਦਾ ਜ਼ਿਕਰ ਛਿੜਣ ਨਾਲ ਅਚੇਤ ਰੂਪ ਵਿਚ ਹੀ ਸਿੱਖਾਂ ਦੀ ਖਾਨਾਵੰਡ ਜਿਹੀ ਹੋ ਗਈ ਹੈ। ਇਹ ਵੰਡ ਧਰਮ, ਧਰਮ ਇਤਿਹਾਸ ਅਤੇ ਆਮ ਇਤਿਹਾਸ ਦੇ ਪ੍ਰਸੰਗ ਨਾਲ ਸਿੱਖਾਂ ਦੀ ਰਾਇ ਨੂੰ ਵੇਖਣ ਲਈ ਬੜੀ ਢੁਕਵੀਂ ਹੈ:

ਸਿੱਖਾਂ ਵਜੋਂ ਦੁਨੀਆ ਨਾਲ ਰਲਣ ਵਾਲਿਆਂ ਦਾ ਪੱਕਾ ਯਕੀਨ ਹੈ ਕਿ ਜੇ ਨਵੀਂ ਤਕਨੀਕ ਨਾ ਅਪਣਾਈ ਤਾਂ ਅਸੀਂ ਪਛੜ ਜਾਵਾਂਗੇ। ਆਮ ਇਤਿਹਾਸਕ (ਦੁਨਿਆਵੀ) ਸਮਝ ਅਨੁਸਾਰ ਇਹ ਗੱਲ ਸਹੀ ਜਾਪਦੀ ਹੈ।

ਜਿਹੜੇ ਲੋਕ ਗੁਰੂ ਸਾਹਿਬਾਨ, ਓਹਨਾਂ ਦੇ ਪਰਿਵਾਰ ਅਤੇ ਸ਼ਹੀਦਾਂ ਤੋਂ ਬਿਨਾਂ ਬਾਕੀ ਇਤਿਹਾਸ ਨੂੰ ਪਰਛਾਵਣ ਲਈ ਰਾਜ਼ੀ ਹਨ। ਓਹ ਲੋਕ ਧਰਮ ਇਤਿਹਾਸ ਦੇ ਥੜ੍ਹੇ 'ਤੇ ਖੜ੍ਹ ਕੇ ਜ਼ਿੰਦਗੀ ਨੂੰ ਵੇਖ ਰਹੇ ਹਨ।

ਜਿਹੜੇ ਲੋਕਾਂ ਲਈ ਸਭ ਪਰਛਾਵੇਂ ਭਟਕਣ ਮਾਤਰ ਹਨ, ਓਹ ਲੋਕ ਧਰਮ ਦੀ ਨਜ਼ਰ ਤੋਂ ਜ਼ਿੰਦਗੀ ਅਤੇ ਦੁਨੀਆ ਨੂੰ ਵੇਖ ਰਹੇ ਹਨ।

ਕੋਈ ਸਿੱਖ ਜਿੱਥੇ ਵੀ ਖੜ੍ਹ ਕੇ ਪਰਛਾਵਿਆਂ ਦੇ ਹੱਕ/ਵਿਰੋਧ ਵਿਚ ਹੈ ਉਹਨੂੰ ਦੂਜਿਆਂ ਦੀ ਹਾਲਤ ਨੂੰ ਠੀਕ ਕਰਨ ਜਾਂ ਆਪਣੀ ਰਾਇ ਮੰਨਵਾਉਣ ਤੋਂ ਪਹਿਲਾਂ ਆਪਣੀ ਥਾਂ ਪਰਖ ਲੈਣੀ ਚਾਹੀਦੀ ਹੈ ਕਿ ਕੀ ਜ਼ਿੰਦਗੀ ਵਿਚ ਉਹ ਸੱਚਮੁੱਚ ਉੱਥੇ ਖੜ੍ਹਾ ਹੈ ਜਿੱਥੇ ਖੜ੍ਹ ਕੇ ਪਰਛਾਵਿਆਂ ਬਾਰੇ ਰਾਇ ਦੇ ਰਿਹਾ ਹੈ ? ਪਰਛਾਵੇਂ ਕੋਈ ਸਧਾਰਨ ਸ਼ੈਅ ਨਹੀਂ ਹਨ। ਏਹ ਸਿਰਫ਼ ਧੜੇਬੰਦੀ, ਰਾਜਨੀਤੀ ਦਾ ਮੁੱਦਾ ਜਾਂ ਦੁਸ਼ਮਣ ਦੀ ਚਾਲ ਵਰਗੀ ਗੱਲ ਨਹੀਂ ਹਨ। ਜਿਹੜੇ ਲੋਕ ਪੋਲੇ ਪੈਰੀਂ ਏਹਨਾਂ ਦਾ ਵਿਰੋਧ ਕਰਨਗੇ ਪਰਛਾਵੇਂ ਓਹਨਾਂ ਦੇ ਯਕੀਨ ਵਿਚਲੀਆਂ ਮੋਰੀਆਂ ਥਾਣੀਂ ਓਹਨਾਂ ਦੇ ਅੰਦਰ ਉਤਰ ਜਾਣਗੇ। ਦੁਨੀਆ ਦੀ ਮੁੱਖ ਧਾਰਾ ਵਿਚ ਰਲਣ ਦੀ ਇੱਛਾ ਵਾਲੇ ਲੋਕ ਪਰਛਾਵਿਆਂ ਤੋਂ ਪਿੱਛਾ ਨਹੀਂ ਛੁਡਾ ਸਕਣਗੇ। ਦੁਨੀਆ ਨਾਲ ਰਲਣ ਦੀ ਕੋਸ਼ਿਸ਼ ਸਿੱਖਾਂ ਨੇ ਪਹਿਲਾਂ ਵੀ ਕੀਤੀ ਹੈ। ਨਵੀਂ ਕੋਸ਼ਿਸ਼ ਕਰਨ ਤੋਂ ਪਹਿਲਾਂ ਪੁਰਾਣੇ ਤਜਰਬਿਆਂ ਬਾਰੇ ਵੀ ਜਾਣਨਾ ਚਾਹੀਦਾ ਹੈ ਅਤੇ ਏਹਨਾਂ ਨੂੰ ਧਰਮ

ਅਤੇ ਆਮ ਇਤਿਹਾਸ ਦੇ ਫ਼ਰਕ ਨਾਲ ਵੀ ਜੋੜ ਕੇ ਵੇਖਣਾ ਚਾਹੀਦਾ ਹੈ।

## ਦੁਨੀਆ ਨਾਲ ਰਲਣ ਦੀ ਤਾਂਘ

ਕੋਈ ਬੰਦਾ ਆਪਣੇ ਵਰਤਮਾਨ ਨੂੰ ਹੋਰਾਂ ਦੀ ਰੀਸੇ ਵੇਖਦਾ ਹੈ ਜਾਂ ਆਪਣੇ ਹਿਸਾਬ ਨਾਲ, ਇੱਥੋਂ ਹੀ ਬਹੁਤ ਕੁਝ ਤੈਅ ਹੋ ਜਾਂਦਾ ਹੈ। ਜੋ ਲੋਕ ਹੋਰਾਂ ਦੇ ਤਰੀਕੇ ਨਾਲ ਆਪਣੀਆਂ ਮੁਸ਼ਕਲਾਂ ਹੱਲ ਕਰਨਾ ਚਾਹੁੰਦੇ ਹਨ, ਓਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜ਼ਰੂਰੀ ਨਹੀਂ ਕਿ ਦੋਵਾਂ ਥਾਵਾਂ ’ਤੇ ਮੁਸ਼ਕਲਾਂ ਇਕੋ ਜਿਹੀਆਂ ਹੋਣ ਜਾਂ ਦੋਵਾਂ ਦੇ ਹੱਲ ਦੇ ਤਰੀਕੇ ਅਤੇ ਰਾਹ ਵੀ ਇਕੋ ਜਿਹੇ ਹੀ ਹੋਣ। ਇਸ ਲਈ ਵੇਖਣਾ ਬਣਦਾ ਹੈ ਕਿ ਸਿੱਖਾਂ ਨੇ ਦੁਨੀਆ ਦੀ ਰੀਸੇ ਆਪਣੀਆਂ ਮੁਸ਼ਕਲਾਂ ਹੱਲ ਕਰਨ ਦਾ ਜੋ ਰਾਹ ਪਹਿਲਾਂ ਅਪਣਾਇਆ ਸੀ ਉਹਦੇ ਨਤੀਜੇ ਕੀ ਰਹੇ ?

ੳ) ਇਕ ਸਦੀ ਪਹਿਲਾਂ ਸਨਾਤਨੀ ਮਤ ਵਾਲੇ ਡੇਰਿਆਂ ਨੂੰ ਨੁਕਸਦਾਰ ਮੰਨ ਕੇ ਪੰਥ ਦੀ ਚੜ੍ਹਦੀ ਕਲਾ ਲਈ ਈਸਾਈਆਂ ਵਾਂਗ ਪ੍ਰਚਾਰਕ ਪੈਦਾ ਕਰਨ ਦੇ ਕੇਂਦਰ ਖੋਲ੍ਹੇ ਗਏ। ਅੱਧੀ ਜਾਂ ਪੌਣੀ ਸਦੀ ਬਾਅਦ ਵੀ ਲੇਖਾ ਨਹੀਂ ਹੋਇਆ ਕਿ ਜਿਸ ਆਸ਼ੇ ਨੂੰ ਮੁੱਖ ਰੱਖ ਕੇ ਇਹ ਸ਼ੁਰੂ ਕੀਤੇ ਸਨ, ਕੀ ਉਹ ਨਤੀਜੇ ਨਿਕਲੇ ਜਾਂ ਕੁਝ ਘੱਟ ਵੱਧ। ਜਿਹੜੇ ਲੋਕ ਇਕ ਸਦੀ ਪਹਿਲਾਂ ਸਿੱਖੀ ਦੇ ਮੋਕਲੇ ਘੇਰੇ ਵਿਚ ਆਉਂਦੇ ਸਨ ਅੱਜ ਓਹ ਵੀ ਇਸਾਈ, ਮੁਸਲਿਮ ਜਾਂ ਹੋਰ ਪਛਾਣ ਧਾਰਨ ਕਰ ਗਏ ਹਨ। ਨਵੀਂ ਪ੍ਰਚਾਰ ਵਿਧੀ ਦੇ ਬਾਵਜੂਦ ਬਿਪਰਵਾਦੀ ਡੇਰੇ ਕਈ ਗੁਣਾ ਵਧੇ ਹਨ।

ਅ.) ਜੇ ਆਮ ਇਤਿਹਾਸ ਦੀ ਨਜ਼ਰ ਤੋਂ ਵੀ ਵੇਖਣਾ ਹੋਵੇ ਤਾਂ ਪਿਛਲੇ ਸਵਾ ਸੌ ਸਾਲ ਵਿਚ ਅਕਾਦਮਿਕ ਤੌਰ ’ਤੇ ਇਤਿਹਾਸਕ ਅਤੇ ਸਿਧਾਂਤਕ ਲਿਖਤਾਂ ਦੇ ਮਾਮਲੇ ਵਿਚ ਅਸੀਂ ਦੁਨੀਆ ਦੇ ਤਰੀਕੇ ਨਾਲ ਦੁਨੀਆ ਦਾ ਕਿੰਨਾ ਕੁ ਮੁਕਾਬਲਾ ਕੀਤਾ ਹੈ ? ਸਾਡੇ ਕੋਲ ਇਕੋ ਮਹਾਰਾਜੇ ਦਾ ਇਤਿਹਾਸ ਹੈ, ਹਾਲੇ ਤੱਕ ਉਹਦੇ ਦਰਬਾਰ ਦੇ ਰੋਜ਼ਨਾਮਚੇ ਵੀ ਸਾਂਭੇ ਨਹੀਂ ਗਏ। ਮਹਾਰਾਜਾ ਰਣਜੀਤ ਸਿੰਘ ਬਾਰੇ ਅੱਜ ਤੱਕ ਵੀ ਸਭ ਤੋਂ ਸੱਚੀ ਜਾਣਕਾਰੀ ਅੰਗਰੇਜ਼ਾਂ ਦੇ ਖੋਜ ਕਥਨਾਂ ’ਤੇ ਖੜ੍ਹੀ ਹੈ। ਪਿਛਲੇ ਸੌ ਸਾਲ ਵਿਚ ਅਸੀਂ ਆਪਣੇ ਪੁਰਾਣੇ ਗ੍ਰੰਥਾਂ ਵਿਚਲੀ ਚੰਗੀ ਜਾਣਕਾਰੀ ਨਾਲੋਂ ਬੁਰੀਆਂ ਗੱਲਾਂ ਵਧੇਰੇ ਪਤਾ ਕੀਤੀਆਂ ਹਨ। ਇਸ ਕਰਕੇ ਹੀ ੧੯੮੪ ਵਿਚ ਖੂਨ ਡੁੱਲ੍ਹਣ ਤੋਂ ਬਾਅਦ ਜਦੋਂ ਬਹੁਤੇ ਸਿੱਖ ਬੱਚਿਆਂ ਦੀਆਂ ਅੱਖਾਂ ਖੁੱਲ੍ਹੀਆਂ ਤਾਂ ਉਹਨਾਂ ਨੂੰ ਵੀ ਖੁਸ਼ਵੰਤ ਸਿੰਘ ਵਰਗਿਆਂ ਦਾ ਸੰਸਾਰੀ ਬਿਰਤੀ ਨਾਲ ਲਿਖਿਆ ਇਤਿਹਾਸ ਹੀ ਪੜ੍ਹਨਾ ਪਿਆ।

ਸਿੱਖ ਇਤਿਹਾਸ ਬਾਰੇ ਅਜੇ ਤੱਕ ਜੋ ਵੀ ਲਿਖਿਆ ਮਿਲਦਾ ਹੈ ਉਹਦਾ ਵੱਡਾ ਹਿੱਸਾ ਗ਼ੈਰਾਂ ਨੇ ਲਿਖਿਆ ਹੈ ਜਾਂ ਗੈਰ ਸਿੱਖ ਨਜ਼ਰੀਏ ਨਾਲ ਲਿਖਿਆ ਹੋਇਆ ਹੈ। ਅੱਜ ਤੱਕ ਸਿੱਖਾਂ ਬਾਰੇ ਦੁਨੀਆ ਅੰਦਰ ਅਸਿੱਖ ਨਜ਼ਰੀਏ ਤੋਂ ਲਿਖੇ ਹੋਏ ਇਤਿਹਾਸ ਅਤੇ ਸਿਧਾਂਤ ਦੀ ਮਾਨਤਾ ਵਧੇਰੇ ਹੈ। ਜੋ ਪੰਜਾਬ ਜਾਂ ਸਿੱਖੀ ਨਾਲ ਸਬੰਧਿਤ ਸਾਹਿਤ ਰੂਪ ਵਿਚ ਲਿਖਿਆ ਗਿਆ ਹੈ ਉਹ ਵੀ ਲਗਭਗ ਸਾਰਾ ਅਸਿੱਖ ਨਜ਼ਰੀਏ ਤੋਂ ਲਿਖਿਆ ਹੋਇਆ ਹੈ। ਸਾਡੇ ਕੋਲ ਜੋ ਕੁਝ ਆਪਣਾ ਹੈ ਉਹ ਕੁਝ ਪੁਰਾਤਨ ਗ੍ਰੰਥ ਹਨ, ਜਿਨ੍ਹਾਂ ਦੀ ਅਲੋਚਨਾ/ਨਿੰਦਿਆ ਅਸੀਂ ਪਹਿਲਾਂ ਹੀ ਕਰ ਰਹੇ ਹਾਂ। ਮਨੋਰੰਜਨ ਲਈ ਜਾਂ ਪ੍ਰਚਾਰ ਲਈ ਧਰਮ ਇਤਿਹਾਸ ਦੇ ਜਿਹੜੇ ਸਰੋਤ ਵਰਤੇ ਜਾਣਗੇ ਉਹ ਵੀ ਇਹੋ ਲਿਖਤਾਂ ਹੋਣਗੀਆਂ।

ਪਿਛਲੇ ਤਜਰਬੇ ਦੇ ਹਿਸਾਬ ਨਾਲ ਵੇਖੀਏ ਤਾਂ ਜੇ ਪਰਛਾਵੇਂਕਾਰੀ ਦਾ ਰਾਹ ਤੁਰਿਆ ਤਾਂ ਸਾਡਾ ਧਰਮ ਇਤਿਹਾਸ ਸਾਨੂੰ ਹੋਰ ਵੀ ਬੁਰੇ ਤਰੀਕੇ ਨਾਲ ਵੇਖਣ ਸੁਣਨ ਨੂੰ ਮਿਲੇਗਾ। ਇਹਦੀ ਵਰਤਮਾਨ ਮਿਸਾਲ ਵੀ ਹੈ। ਵਰਤਮਾਨ ਇਤਿਹਾਸ ਦੇ ਸ਼ਹੀਦਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਉਹਨਾਂ ਦੇ ਨਾਂਅ ਦੀ ਅਰਦਾਸ ਸਾਲ ਵਿਚ ਤਿੰਨ ਵਾਰ ਹੀ ਹੁੰਦੀ ਹੈ। ਉਹਨਾਂ ਤਿੰਨਾਂ ਮੌਕਿਆਂ ਦੇ ਸ਼ਹੀਦਾਂ ਨੂੰ ਹੀ ਪਰਛਾਵੇਂ ਬਣਾ ਲਿਆ ਗਿਆ। ਜਿਹੜੇ ਲੋਕਾਂ ਨੇ ਦੁਨੀਆ ਦੀ ਰੀਸੇ ਇਹ ਪਰਛਾਵੇਂ ਬਣਾਉਣ ਦੀ ਕਾਹਲ ਅਤੇ ਕੁਤਾਹੀ ਕੀਤੀ ਹੈ ਓਹਨਾਂ ਨੂੰ ਧਰਮ ਦੇ ਨੇਮਾਂ ਅਤੇ ਧਰਮ ਇਤਿਹਾਸ ਵਿਚਲੇ ਫ਼ਰਕ ਦੀ ਸਮਝ ਜਾਂ ਲੋੜ ਨਹੀਂ ਸੀ। ਓਹਨਾਂ ਨੇ ਸ਼ਾਇਦ ਇਹ ਸੋਚਿਆ ਹੀ ਨਹੀਂ ਕਿ ਅਸੀਂ ਦੁਨੀਆ ਨਾਲ ਰਲਣ ਵਾਸਤੇ ਮਨੋਰੰਜਨ ਦਾ ਰਾਹ ਫੜ ਰਹੇ ਹਾਂ ਅਤੇ ਧਰਮ ਨੂੰ ਮਨੋਰੰਜਨ ਦਾ ਸਾਧਨ ਬਣਾ ਰਹੇ ਹਾਂ। ਧਰਮ ਦੀ ਇਸ ਤੋਂ ਵੱਧ ਬੇਅਦਬੀ ਹੋਰ ਕੀ ਹੋ ਸਕਦੀ ਹੈ ? ਕੌਣ ਨਹੀਂ ਜਾਣਦਾ ਕਿ ਮਨੋਰੰਜਨ ਅਜੋਕੇ ਵੇਲੇ ਵਪਾਰਕ ਮੁਨਾਫ਼ੇ ਦਾ ਵੱਡਾ ਸਾਧਨ ਹੈ। ਕੀ ਪਰਛਾਵਿਆਂ ਦੀ ਖੇਡ ਖੇਡਣ ਵਾਲੇ ਜਾਣਦੇ ਨਹੀਂ ਕਿ ਮਨੋਰੰਜਨ ਦੇ ਨੇਮ ਅਸੂਲ ਕੀ ਹਨ, ਉਹ ਸਾਡੇ ਧਰਮ ਨਾਲ ਕਿਵੇਂ ਮੇਲ ਖਾਣਗੇ ? ਇਹ ਤਰੀਕੇ ਨਾਲ ਧਰਮ ਪ੍ਰਚਾਰ ਜਾਂ ਇਤਿਹਾਸ ਵਿਰਾਸਤ ਸਾਂਭਣਾ ਤਾਂ ਦੂਰ, ਦੁਨਿਆਵੀ ਪੱਖ ਤੋਂ ਵੀ ਆਪਣੀ ਪਛਾਣ ਦਾ ਕੁਝ ਨਹੀਂ ਸੌਰਨਾ, ਸਿਵਾਏ ਆਪਣੇ ਧਰਮ ਇਤਿਹਾਸ ਨੂੰ ਕੌਡੀਆਂ ਘਟੇ ਰੋਲਣ ਦੇ।

ਜਦ ਧਰਮ ਅਤੇ ਆਮ ਇਤਿਹਾਸ ਦੇ ਫ਼ਰਕ ਨੂੰ ਅਮਲੀ ਰੂਪ ਵਿਚ ਨਿਖੇੜਨਾ ਹੈ ਤਾਂ ਮਨੋਰੰਜਨ ਨੂੰ ਧਰਮ ਦੇ ਪੱਖ ਤੋਂ ਜਾਣਨਾ ਬਹੁਤ ਜ਼ਰੂਰੀ ਹੈ ਕਿਉਂਕਿ ਪਰਛਾਵੇਂ ਅਸਲ ਵਿਚ ਮਨੋਰੰਜਨ ਦਾ ਹੀ ਹਿੱਸਾ ਹਨ। ਜੇ ਮਨੋਰੰਜਨ ਬਾਰੇ ਸਹੀ ਸਮਝ ਨਾ ਬਣੇ ਤਾਂ ਇਹ ਗੱਲ ਸਮਝ ਨਹੀਂ ਪੈਣੀ ਕਿ ਸਿੱਖੀ ਵਿਚ ਪਰਛਾਵਿਆਂ ਦੀ ਕੀ ਥਾਂ ਹੈ।

## ਮਨੋਰੰਜਨ ਅਤੇ ਧਰਮ

ਮਨੁੱਖੀ ਰੁਚੀਆਂ ਨੂੰ ਮਨੋਰੰਜਨ ਰਾਹੀਂ ਕਾਬੂ ਕਰਨਾ ਚਿਰਾਂ ਤੋਂ ਹਕੂਮਤਾਂ ਅਤੇ ਵਪਾਰੀਆਂ ਦਾ ਜਾਦੂਵਾੜਾ ਰਿਹਾ ਹੈ ਜਿੱਥੋਂ ਬੰਦੇ ਡੰਗਰ ਬਣ ਬਣ ਨਿਕਲਦੇ ਹਨ ਭਾਵੇਂ ਵੜਨ ਵੇਲੇ ਬੰਦੇ ਈ ਹੋਣ। ਪਹਿਲਾਂ ਮਨੋਰੰਜਨ ਦਾ ਅਖਾੜਾ ਵਸੋਂ ਤੋਂ ਦੂਰ ਲਗਦਾ ਸੀ ਫਿਰ ਸੱਥਾਂ ਵਿਚ ਆਇਆ। ਬਿਜਲਈ ਤਕਨੀਕ ਦੇ ਆਉਣ ਨਾਲ ਇਹ ਵਾੜਾ ਹੋਰ ਵੀ ਵੱਡਾ ਤੇ ਲੁਭਾਉ ਹੋ ਕੇ ਘਰ ਘਰ ਪਹੁੰਚ ਗਿਆ, ਹੁਣ ਇਹ ਸਭ ਦੇ ਹੱਥਾਂ ਵਿਚ ਹੈ ਪਰ ਇਕ ਤਰ੍ਹਾਂ ਨਾਲ ਸਭ ਕੁਝ ਇਹਦੇ ਹੱਥ ’ਚ ਹੈ। ਮਨੋਰੰਜਨ ਦੀ ਵਧਦੀ ਤਾਕਤ ਦੇ ਬਾਵਜੂਦ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਵਾੜੇ ਵਿਚ ਧਰਮ ਦਾ ਮਜ਼ਾਕ ਤਾਂ ਉਡਾਇਆ ਜਾ ਸਕਦਾ ਹੈ ਪਰ ਪ੍ਰਚਾਰ ਸੰਭਵ ਨਹੀਂ ਹੈ।

ਧਰਮ ਸੱਚ ਅਤੇ ਪਵਿੱਤਰ ਰੂਪ ਮੰਨਿਆ ਜਾਂਦਾ ਹੈ ਪਰ ਮਨੋਰੰਜਨ ਦੀ ਸਚਾਈ ਹੀ ਸਚਾਈ ਨੂੰ ਭੁੱਲ ਜਾਣ ਵਿਚ ਹੈ। ਮਨੋਰੰਜਨ ਕਿਸੇ ਵੀ ਮੁਸ਼ਕਲ ਦਾ ਹੱਲ ਨਹੀਂ ਦਿੰਦਾ ਪਰ ਬੰਦੇ ਨੂੰ ਇਕ ਵਾਰ ਮੁਸ਼ਕਲ ਭੁਲਾਅ ਜ਼ਰੂਰ ਦਿੰਦਾ ਹੈ। ਮਨੋਰੰਜਨ ਮਨੁੱਖ ਦੀ ਸਦੀਵੀ ਲੋੜ ਹੈ ਪਰ ਇਸ ਵਿਚ ਕਦੇ ਵੀ ਪਵਿੱਤਰਤਾ ਅਤੇ ਸਤਿਕਾਰ ਲਈ ਥਾਂ ਨਹੀਂ ਹੁੰਦੀ। ਬਿਜਲ ਪਰਛਾਵੇਂ ਮੂਲ ਰੂਪ ਵਿਚ ਮਨੋਰੰਜਨ ਦਾ ਹਿੱਸਾ ਹਨ। ਜਿਹੜੇ ਲੋਕ ਆਪਣੇ ਧਰਮ ਨੂੰ ਮਨੋਰੰਜਨ ਦੇ ਰੂਪ ਵਿਚ ਪੇਸ਼ ਕਰਦੇ ਹਨ, ਓਹ ਨਾ ਸਿਰਫ਼ ਪਵਿੱਤਰਤਾ ਅਤੇ ਸਤਿਕਾਰ ਤੋਂ ਖੁੰਝਦੇ ਹਨ ਸਗੋਂ ਮਨੋਰੰਜਨ ਦਾ ਰਾਹ ਵੀ ਗੁਆ ਲੈਂਦੇ ਹਨ। ਜਿਹੜੇ ਅਗਾਂਹਵਧੂ ਸਮਝ ਅਤੇ ਸਮਰੱਥਾ ਵਾਲੇ ਸਿੱਖ ਜ਼ਿੰਦਗੀ ਨੂੰ ਪਦਾਰਥਵਾਦੀ ਨਜ਼ਰ ਤੋਂ ਵੇਖ ਰਹੇ ਹਨ ਓਹਨਾਂ ਨੂੰ ਲਗਦਾ ਹੈ ਕਿ ਵੇਲਾ ਖੁੰਝ ਰਿਹਾ ਹੈ, ਅਸੀਂ ਪਹਿਲਾਂ ਹੀ ਬਹੁਤ ਪਿੱਛੇ ਹਾਂ। ਇਸ ਕਰਕੇ ਓਹਨਾਂ ਨੂੰ ਦੁਨੀਆ ਦੀ ਚਾਲ ਨਾਲ ਰਲ ਕੇ ਸਿੱਖਾਂ ਦੀ ਵੱਖਰੀ ਚਾਲ ਸਿੱਧ ਕਰਨ ਦੀ ਕਾਹਲ਼ ਹੈ। ਓਹ ਧਰਮ ਨੂੰ ਸੌਖਾ ਅਤੇ ਮਨੋਰੰਜਕ ਬਣਾ ਕੇ ਪੇਸ਼ ਕਰਨ ਦੇ ਜੋਸ਼ ਅਤੇ ਕਾਹਲ਼ ਵਿਚ ਧਰਮ ਦਾ ਅਸਲੀ ਪੱਖ ਭੁੱਲ ਰਹੇ ਹਨ। ਇਹ ਭੁੱਲ ਕਾਰਨ ਹੀ ਓਹਨਾਂ ਨੂੰ ਧਰਮ ਨੂੰ ਮਨੋਰੰਜਕ ਬਣਾਉਣ ਦੀ ਇੱਛਾ ਅਤੇ ਖ਼ੁਸ਼ੀ ਹੈ। ਇਹ ਦੁਬਿਧਾ ਅਤੇ ਭਰਮ ਦੀ ਉਤਸ਼ਾਹੀ ਮੁਹਿੰਮ ਹੈ, ਜਿਹੜੀ ਕਿਸੇ ਜਵਾਨ ਖ਼ੂਨ ਦੇ ਨਸ਼ਈ ਹੋਣ ਵਾਂਗ ਹੈ, ਜੋ ਸ਼ੁਰੂ ਵਿਚ ਨਸ਼ੇ ਦੇ ਲੋਰ ਨੂੰ ਬੜੀ ਵਧੀਆ ਸਮਝਦਾ ਹੈ ਪਰ ਮੁੜ ਉਹੀ ਲੋਰ ਜੀਅ ਦਾ ਜੰਜਾਲ ਬਣ ਜਾਂਦੀ ਹੈ। ਜਿਹੜੇ ਲੋਕ ਪਰਛਾਵੇਂ ਨੂੰ ਆਪਣੇ ਧੁਰ ਅੰਦਰ ਧਰਮ ਜਾਂ ਇਤਿਹਾਸ ਦੀ ਥਾਂ ’ਤੇ ਸਜਾਉਣ ਦਾ ਨਸ਼ਾ ਕਰ ਰਹੇ ਹਨ, ਓਹ ਦੁਨੀਆ ਦੇ ਨਾਲ ਰਲ ਜਾਣ ਦੇ ਸਵੈ-ਸਿਰਜੇ ਭਰਮ ਦੀ ਤਾਜ਼ੀ ਲੋਰ ਵਿਚ ਹਨ।

ਮਨੋਰੰਜਨ ਨਾਲ ਕੁਜੋੜ ਦੇ ਸਿੱਖਾਂ ਲਈ ਦੋ ਕਾਰਨ ਹਨ, ਪਹਿਲਾ ਕਾਰਨ ਹੈ ਕਿ ਗ੍ਰੰਥ, ਗੁਰੂ ਅਤੇ ਰੱਬ ਇਕੋ ਹਨ। ਧਰਮ ਅਤੇ ਇਤਿਹਾਸ ਦਾ ਫ਼ਰਕ ਨਾ ਸਮਝਣ ਕਾਰਨ ਸਭ ਤੋਂ ਵੱਡੀ ਔਕੜ ਇਹੋ ਆਉਂਦੀ ਹੈ ਕਿ ਲੋਕ ਗੁਰੂ ਦੇ ਧਾਰਮਿਕ ਰੁਤਬੇ ਨੂੰ ਇਤਿਹਾਸਕ

ਬਣਾਉਣ ਵਿਚ ਉਲਝ ਜਾਂਦੇ ਹਨ। ਧਰਮ ਰੂਪ ਵਿਚ ਗੁਰੂ ਇਕ ਹੈ, ਉਹਦੇ 'ਤੇ ਯਕੀਨ ਨਹੀਂ ਬੱਝਦਾ ਤਾਂ ਹੀ ਇਤਿਹਾਸਕ ਤੌਰ 'ਤੇ ਦਸ ਰੂਪਾਂ ਵੱਲ ਉਲਾਰ ਹਨ। ਦੂਜਾ ਕਾਰਨ ਇਹ ਹੈ ਕਿ ਸਿੱਖੀ ਵਿਚ ਸ਼ਹੀਦ ਦਾ ਰੁਤਬਾ ਵੀ ਪਵਿੱਤਰਤਾ ਦਾ ਧਾਰਨੀ ਹੈ। ਧਰਮ ਇਤਿਹਾਸ ਵਿਚ ਸ਼ਹਾਦਤ ਗੁਰੂ ਸਰੂਪ ਨਾਲ ਜੁੜੀ ਹੋਈ ਹੈ ਅਤੇ 'ਆਪੇ ਗੁਰ ਚੇਲਾ' ਦੇ ਰੁਤਬੇ ਕਰਕੇ ਗੁਰੂ ਸਿੱਖ ਵਿਚ ਵੀ ਸਮਾਇਆ ਹੋਇਆ ਹੈ। ਸਿੱਖ ਜਿਸ ਇਤਿਹਾਸ ਦੇ ਸੋਹਲੇ ਗਾਉਂਦੇ ਹਨ ਉਹਦਾ ਬਹੁਤ ਵੱਡਾ ਹਿੱਸਾ ਸ਼ਹਾਦਤ 'ਤੇ ਖੜ੍ਹਾ ਹੈ। ਸ਼ਹਾਦਤ ਦੇ ਰੁਤਬੇ ਕਰਕੇ ਇਤਿਹਾਸ ਦਾ ਇਹ ਹਿੱਸਾ ਵੀ ਪਵਿੱਤਰਤਾ ਦਾ ਧਾਰਨੀ ਹੈ।

## ਨਕਲ ਅਤੇ ਕਲਪਨਾ

ਕਿਸੇ ਅਸਲੀ ਸ਼ੈਅ ਦੀ ਅਣਹੋਂਦ ਵਿਚ ਹੀ ਮਨੁੱਖ ਨੂੰ ਨਕਲੀ ਦੀ ਲੋੜ ਪੈਂਦੀ ਹੈ। ਸਿੱਖਾਂ ਨੂੰ ਗੁਰੂ ਸਾਹਿਬ ਅਤੇ ਸ਼ਹੀਦਾਂ ਦੀ ਨਕਲ ਜਾਂ ਕਾਲਪਨਿਕ ਪਰਛਾਵੇਂ ਦੀ ਲੋੜ ਕਿਉਂ ਹੈ? ਕੀ ਸਿੱਖਾਂ ਦਾ ਧਰਮ ਨਿਭਾਉਣ ਅਤੇ ਅਮਲਾਂ ਨਾਲ ਇਤਿਹਾਸ ਸਿਰਜਣ ਦਾ ਯਕੀਨ ਟੁੱਟ ਗਿਆ ਹੈ ਜੋ ਨਕਲ ਜਾਂ ਕਲਪਨਾ ਦੇ ਆਸਰੇ ਆਪਣੇ ਧਰਮ ਇਤਿਹਾਸ ਨੂੰ ਖੜ੍ਹਾ ਕਰਨਾ ਚਾਹੁੰਦੇ ਹਨ? ਪਰਛਾਵੇਂ ਲੋਕਾਂ ਨੂੰ ਇਸ ਲਈ ਚਾਹੀਦੇ ਹਨ ਕਿ ਓਹ ਕਲਪਨਾ ਦੇ ਸਹਾਰੇ ਜੀਣਾ ਚਾਹੁੰਦੇ ਹਨ, ਖ਼ਾਸ ਕਰਕੇ ਜਿਨ੍ਹਾਂ ਨੂੰ ਆਪਣਾ ਆਪ ਕਿਸੇ ਹੋਰ ਦੇ ਸਾਹਮਣੇ ਛੋਟਾ ਲੱਗਦਾ ਹੈ।

ਨਕਲ ਜਾਂ ਕਲਪਨਾ ਦੇ ਮੁਕਾਬਲੇ ਅਸਲੀਅਤ ਤੋਂ ਦੂਰ ਹੋਣ ਦੇ ਕੰਮ ਹੀ ਆਉਂਦੇ ਹਨ। ਨਕਲ/ਕਲਪਨਾ ਦੇ ਵੱਸ ਪਏ ਸਮਾਜ ਵਿਚ ਸਤਿਕਾਰ ਦੇ ਪਾਤਰ ਵੀ ਕਹਾਣੀਆਂ ਦੇ ਪਾਤਰ ਬਣ ਕੇ ਰਹਿ ਜਾਂਦੇ ਹਨ। ਓਥੇ ਕਲਾਕਾਰ ਵੱਡੇ ਅਤੇ ਪੂਜਣਯੋਗ ਛੋਟੇ ਹੋ ਜਾਂਦੇ ਹਨ। ਅਖੀਰ ਨੂੰ ਕਲਾਕਾਰ ਹੀ ਪੂਜਣਯੋਗ ਹੋ ਜਾਂਦੇ ਹਨ। ਦਰਾਵੜੀ ਕਲਾਕਾਰਾਂ ਦੀ ਪੂਜਾ ਇਸੇ ਗੱਲ ਦਾ ਸਬੂਤ ਹੈ।

ਲੋਕ ਆਪਣਾ ਵਕਤ, ਸਾਧਨ ਅਤੇ ਸਮਰੱਥਾ ਖ਼ਰਚ ਕੇ ਪਰਛਾਵਿਆਂ ਵਾਲੇ ਮਨੋਰੰਜਨ ਰਾਹੀਂ ਸਿੱਖਣ ਦੇ ਨਾਂਅ ਹੇਠ ਸਚਾਈ ਤੋਂ ਦੂਰ ਹੀ ਜਾ ਸਕਦੇ ਹਨ, ਪਰ ਕਿਸੇ ਮੁਸ਼ਕਲ ਵਿਚੋਂ ਨਿਕਲ ਨਹੀਂ ਸਕਦੇ। ਕਲਪਨਾ ਕਰਨ ਜਾਂ ਨਕਲਾਂ ਆਸਰੇ ਜ਼ਿੰਦਗੀ ਜਿਉਣ ਦੇ ਵੱਸ, ਬੰਦਾ ਓਦੋਂ ਹੀ ਪੈਂਦਾ ਹੈ ਜਦੋਂ ਉਹ ਹਕੀਕਤ ਤੋਂ ਮੁੱਖ ਮੋੜਨਾ ਚਾਹੁੰਦਾ ਹੋਵੇ। ਬਿਜਲ ਜਗਤ ਨਾਲ ਵਧੇਰੇ ਜੁੜੇ ਲੋਕਾਂ ਨੂੰ ਇਸ ਕਰਕੇ ਹੀ ਅਸਲੀਅਤ ਤੋਂ ਟੁੱਟੇ ਕਿਹਾ ਜਾਂਦਾ ਹੈ ਕਿਉਂਕਿ ਉਹਨਾਂ ਦੇ ਕਿਤੇ ਧੁਰ ਅੰਦਰ ਕਲਪਨਾ ਸਚਾਈ ਵਾਂਗ ਬਣਨ ਲੱਗ ਜਾਂਦੀ ਹੈ। ਉਹ ਆਪਣੀ ਕਲਪਨਾ ਵਿਚ ਇੱਥੋਂ ਤੀਕ ਚਲੇ ਜਾਂਦੇ ਹਨ ਕਿ ਓਹਨਾਂ ਦਾ ਯਕੀਨ ਬੱਝ ਜਾਂਦਾ ਹੈ ਕਿ ਸਚਾਈ ਓਹਨਾਂ ਦੀ ਕਲਪਨਾ ਮੁਤਾਬਿਕ ਬਦਲ ਜਾਏਗੀ। ਇਸੇ ਤਰ੍ਹਾਂ ਦੀ ਮਨੋ-ਅਵਸਥਾ ਵਾਲੇ ਸਮਾਜ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਹਮਲੇ ਵੇਲੇ ਕੀਤਾ ਹੈ।

**ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥**

**ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥**

**ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥ ( ॥੭॥੧੨॥)**

**(ਆਸਾ ਮ: ੧, ਅੰਗ: ੪੧੭)**

ਇਹ ਉਸ ਹਾਲਤ ਦੀ ਤਸਵੀਰ ਹੈ ਜਦੋਂ ਧਰਮ ਨਿਰੋਲ ਕਲਪਨਾ ਬਣ ਜਾਂਦਾ ਹੈ। (ਇਹਦੇ ਬਾਰੇ ਅਗਲੇ ਲੇਖ ਵਿਚ ਗੱਲ ਹੋਵੇਗੀ)। ਇੱਥੇ ਏਨਾ ਕਹਿਣਾ ਹੀ ਕਾਫੀ ਹੈ ਕਿ ਆਮ ਇਤਿਹਾਸ ਵਾਲੀ ਸਮਝ ਪਰਛਾਵਿਆਂ ਅਤੇ ਮਨੋਰੰਜਨ ਨੂੰ ਹੀ ਧਰਮ ਇਤਿਹਾਸ ਨਾਲ ਰਲਗੱਡ ਨਹੀਂ ਕਰਦੀ ਸਗੋਂ ਧਰਮ ਪ੍ਰਚਾਰ ਨੂੰ ਵੀ ਵਪਾਰ ਅਤੇ ਰਾਜਨੀਤੀ ਦੇ ਪ੍ਰਚਾਰ ਨਾਲ ਰਲਗੱਡ ਕਰਦੀ ਹੈ। ਇਸ ਕਰਕੇ ਹੀ ਬਹੁਤੇ ਲੋਕਾਂ ਨੂੰ ਧਰਮ ਪ੍ਰਚਾਰ ਵੀ ਮੰਡੀ ਵਿਚ ਕਮਾਈ ਕਰਨ ਵਾਂਗ ਜਾਪਦਾ ਹੈ।

## ਮੰਡੀ ਅਤੇ ਧਰਮ

ਵੇਖਣ ਨੂੰ ਮੰਡੀ ਮਨੁੱਖ ਦੀਆਂ ਲੋੜਾਂ 'ਤੇ ਖੜ੍ਹੀ ਹੈ ਪਰ ਇੱਛਾਵਾਂ, ਲਾਲਸਾਵਾਂ ਨਾਲ ਚਲਦੀ ਹੈ।ਅਜੋਕੀ ਮਨੋਰੰਜਨ ਮੰਡੀ ਤਾਂ ਨਿਰੋਲ ਹੀ ਇੱਛਾਵਾਂ 'ਤੇ ਖੜ੍ਹੀ ਹੈ। ਬਿਜਲਈ ਮੀਡੀਏ ਦੀਆਂ ਲੀਹਾਂ ਇਹ ਮੰਡੀ ਨੇ ਹੀ ਤੈਅ ਕੀਤੀਆਂ ਹਨ। ਦੂਜੇ ਸ਼ਬਦਾਂ ਵਿਚ ਮਨੋਰੰਜਨ ਬਿਜਲਈ ਮੰਡੀ ਦਾ ਗਾਡੀ-ਰਾਹ ਹੈ। ਜਦੋਂ ਬੰਦੇ ਬਿਜਲ ਪਰਛਾਵਿਆਂ ਰਾਹੀਂ ਧਰਮ ਪ੍ਰਚਾਰ ਕਰਨਾ ਚਾਹੁੰਦੇ ਹਨ ਤਾਂ ਉਹ ਧਰਮ ਨੂੰ ਮੰਡੀ 'ਚ ਹੀ ਲਿਆਉਣਾ ਚਾਹੁੰਦੇ ਹਨ ਚਾਹੇ ਆਪਣੇ ਲੋਕਾਂ ਵਿਚ ਹੀ ਸਹੀ।

ਪਰਛਾਵੇਂਕਾਰੀ ਦਾ ਆਸਰਾ ਲੋਕ ਕਿਸੇ ਵੀ ਨਾਂਅ (ਧਰਮ, ਇਤਿਹਾਸ ਜਾਂ ਕਿਸੇ ਕਲਪਨਾ ਵਿਚੋਂ) ਹੇਠ ਲੈਣ, ਮੰਡੀ ਨੂੰ ਕੋਈ ਫ਼ਰਕ ਨਹੀਂ ਪੈਂਦਾ। ਉਹਨੂੰ ਸਿਰਫ਼ ਹਾਜ਼ਰੀ ਚਾਹੀਦੀ ਹੈ, ਜੋ ਹਾਜ਼ਰ ਹੈ ਉਹ ਵਿਕਣਯੋਗ ਹੈ। ਮੰਡੀ ਵਿਚ ਸ਼ਹੀਦ ਦਾ ਰੁਤਬਾ ਵੀ ਮਨੋਰੰਜਨ ਦਾ ਮਾਲ ਹੀ ਹੋਏਗਾ, ਕਿਉਂਕਿ ਝੂਠੇ ਦ੍ਰਿਸ਼ ਨੂੰ ਅਸਲੀ ਦ੍ਰਿਸ਼ ਸਿੱਧ ਕਰਨ ਲਈ ਸ਼ਹੀਦ ਦੀ ਜ਼ਿੰਦਗੀ ਨੂੰ ਇਕ ਆਮ ਬੰਦੇ (ਦਰਸ਼ਕ) ਦੀ ਪੱਧਰ 'ਤੇ ਲਿਆਉਣਾ ਹੀ ਪੈਣਾ ਹੈ ਕਿਉਂਕਿ ਦੇਹੀ ਰਸ ਬਿਨਾਂ ਇਹ ਮੰਡੀ ਚੱਲੇਗੀ ਹੀ ਨਹੀਂ। ਇਸ ਕਰਕੇ ਕਹਾਣੀ ਨੂੰ ਮਸਾਲਾ ਲਾਉਣਾ ਹੀ ਪਏਗਾ। ਉਹੀ ਮਸਾਲਾ ਜਿਹੜਾ ਕਵੀ ਕਾਲੀਦਾਸ ਦੇ ਵੇਲਿਆਂ ਤੋਂ ਲਗਦਾ ਆ ਰਿਹਾ ਹੈ। ਇਕੋ ਕਲਾਕਾਰ ਸ਼ਹੀਦ, ਸੰਤ, ਵਿਦਵਾਨ, ਯੋਧਾ, ਰਾਜਾ, ਗੁਰੂ ਅਤੇ ਰੱਬ ਸਭ ਕੁਝ ਬਣ ਸਕਦਾ ਹੈ ਤਾਂ ਸਭ ਤੋਂ ਵੱਡੀ ਥਾਂ ਕਲਾਕਾਰ ਦੀ ਹੋਏਗੀ। ਧਰਮ ਜੋ ਸੱਚ ਅਤੇ ਮੂਲ ਅਸੂਲ ਦਾ ਨਾਂਅ ਹੈ ਉਹਦੇ ਪ੍ਰਚਾਰ ਪਰਛਾਵਿਆਂ ਰਾਹੀਂ ਕਰਨ ਨਾਲ ਸਭ ਤੋਂ ਵੱਧ ਮਾਣ-ਸਨਮਾਨ ਨਕਲਚੀ (ਕਲਾਕਾਰ) ਲਈ ਹੋਏਗਾ। ਜਦੋਂ ਮਨੋਰੰਜਨ ਮੰਡੀ ਵਿਚ ਧਰਮ ਇਤਿਹਾਸ ਦੇ ਪਰਛਾਵਿਆਂ ਦੀ ਬੋਲੀ ਉੱਠੇਗੀ ਫਿਰ ਸ਼ਹੀਦਾਂ ਤੱਕ ਨਹੀਂ ਰੁਕੇਗੀ, ਗੁਰੂ ਸਾਹਿਬਾਨ ਅਤੇ ਅਕਾਲ ਪੁਰਖ ਦੇ ਪਰਛਾਵਿਆਂ ਦੇ ਢੇਰ ਆਲੂ, ਗੰਢਿਆਂ ਵਾਂਗ ਲੱਗਣਗੇ।

ਜਦ ਮੁਕਾਬਲੇ ਅਸਲੀ ਜ਼ਿੰਦਗੀ ਦੀ ਥਾਂ ਕਲਪਨਾ ਦੀ ਮੰਡੀ ਵਿਚ ਹੋਣਗੇ, ਫਿਰ ਧਰਮ ਦੇ ਨੇਮ-ਅਸੂਲ ਖੰਭ ਲਾ ਕੇ ਉੱਡ ਜਾਣਗੇ। ਨਕਲਾਂ ਦੇ ਸੁਪਨੀਲੇ ਥਲਾਂ ਵਿਚ ਮੰਡੀ ਦੀ ਲੋੜ ਦੇ ਹਾੜ ਸੁਣਾਈ ਦੇਣਗੇ। ਨਿੱਤ ਨਵੇਂ/ਤਾਜ਼ੇ ਦੀ ਮੰਗ ਨਕਲ ਅਤੇ ਕਲਪਨਾ ਨੂੰ ਕਿਸ ਹੱਦ ਤੱਕ ਇਤਿਹਾਸ, ਮਿਥਿਹਾਸ ਦੀਆਂ ਡੂੰਘੀਆਂ ਕਾਲਖਾਂ ਤੱਕ ਲੈ ਕੇ ਜਾਏਗੀ, ਇਹਦਾ ਅੰਦਾਜ਼ਾ ਪਹਿਲਾਂ ਵਾਪਰ ਰਹੀਆਂ ਗੱਲਾਂ ਤੋਂ ਕਰਨਾ ਚਾਹੀਦਾ ਹੈ। ਮਨੋਰੰਜਨ ਮੰਡੀ ਵਿਚ ਕੁਝ ਨਵਾਂ ਕਰਨ ਦੀ ਲੋੜ ਕਿਹੜੀ-ਕਿਹੜੀ ਕਾਲਖ ਗੁਰੂ ਸਾਹਿਬ ਅਤੇ ਸ਼ਹੀਦਾਂ ਦੇ ਜੀਵਨ 'ਤੇ ਮਲੇਗੀ, ਅੱਜ ਆਮ ਸਿੱਖ ਸੋਚ ਵੀ ਨਹੀਂ ਸਕਦਾ।

ਜੋ ਪਵਿੱਤਰ ਜਾਂ ਸਤਿਕਾਰਯੋਗ ਹੈ ਉਹਦਾ ਵਿਖਾਵਾ ਸੰਭਵ ਨਹੀਂ ਹੈ। ਇਹਦੇ ਮਾਅਨੇ ਛੁਪੇ ਰਹਿਣ ਤਾਂ ਸਦੀਆਂ ਤੱਕ ਤਾਜ਼ੇ ਹਨ, ਪਰ ਜਦੋਂ ਵਿਖਾਵਾ ਕੀਤਾ ਫਿਰ ਬੇਮਾਅਨਾ ਹੋ ਜਾਂਦੇ ਹਨ। ਕਿਸੇ ਚੀਜ਼ ਦਾ ਵਿਖਾਵਾ ਕਰਨਾ ਉਹਦੇ ਗੁਣ-ਕੀਮਤ ਨੂੰ ਭੋਗਣਾ ਹੀ ਹੁੰਦਾ ਹੈ। ਪਰਛਾਵਾਂ ਪ੍ਰੇਮੀ ਸ਼ਾਇਦ ਅੰਦਾਜ਼ਾ ਨਹੀਂ ਲਾ ਰਹੇ ਕਿ ਮੰਡੀ ਦੀਆਂ ਬੇਲਗ਼ਾਮ ਇੱਛਾਵਾਂ ਦੀਆਂ ਵਾਗਾਂ ਇਕ ਵਾਰ ਛੱਡਣ ਤੋਂ ਬਾਅਦ ਕੋਈ ਫੜ ਨਹੀਂ ਸਕੇਗਾ। ਇਹਦੀ ਮਿਸਾਲ ਹੈ ਕਿ ਦੁਨੀਆ ਵਿਚ ਸਭ ਤੋਂ ਤਾਕਤਵਰ ਧਿਰ ਵਜੋਂ ਮਾਨਤ ਈਸਾਈਅਤ ਦੇ ਪੈਰੋਕਾਰ, ਓਹ ਵੀ ਈਸਾ ਮਸੀਹ ਦਾ ਮਜ਼ਾਕ ਉੱਡਣੋਂ ਰੋਕ ਨਹੀਂ ਸਕੇ। ਸ਼ੁਰੂ ਦੇ ਪਰਛਾਵਿਆਂ ਵਿਚ ਹਜ਼ਰਤ ਈਸਾ ਦਾ ਚਿਹਰਾ ਨਹੀਂ ਵਿਖਾਇਆ ਗਿਆ ਅਤੇ ਸਿਰ ਦੁਆਲੇ ਪਵਿੱਤਰਤਾ ਵਾਲਾ ਚੱਕਰ ਵੀ ਸੀ ਪਰ ਬਾਅਦ ਵਿਚ ਹੋਰ ਅਸਲੀ ਬਣਾਉਣ ਦੇ ਚੱਕਰ ਵਿਚ ਨਵੀਆਂ ਗੱਲਾਂ ਜੁੜਦੀਆਂ ਗਈਆਂ। ਪਰਛਾਵੇਂਕਾਰੀ ਦੀ ਮਨੋਰੰਜਕ ਲੋੜ ਅਤੇ ਖ਼ਿਆਲਾਂ ਦੀ ਆਜ਼ਾਦੀ ਕਰਕੇ ਈਸਾਈ ਜਗਤ ਦੇ ਅੰਦਰ ਹੀ ਈਸਾ ਮਸੀਹ ਦੀ ਜੋ ਹਾਲਤ ਹੋ ਗਈ, ਉਹ ਸਿੱਖਾਂ ਲਈ ਇਕ ਸਬਕ ਹੈ। ਈਸਾਈਆਂ ਦੇ ਮੁਕਾਬਲੇ ਸਿੱਖਾਂ ਕੋਲ ਰਾਜਸੀ ਜਾਂ ਵਪਾਰਕ ਤਾਕਤ ਨਹੀਂ ਹੈ ਅਤੇ ਪਰਛਾਵੇਂ ਮੰਡੀ ਵਿਚ ਕੋਈ ਵੀ ਥਾਂ ਨਹੀਂ ਹੈ। ਇਸ ਕਰਕੇ ਸਾਰਾ ਕੁਝ ਹੀ ਹੋਰਾਂ ਦੇ ਵੱਸ 'ਚ ਹੋਵੇਗਾ।

ਧਰਮ ਪ੍ਰਚਾਰ ਲਈ ਮੰਡੀ ਵਿਚ ਉੱਤਰਨ ਤੋਂ ਪਹਿਲਾਂ ਮਨੋਰੰਜਨ ਮੰਡੀ ਦਾ ਚਲਣ ਵੇਖੋ। ਜੋ ਵੀ ਮੁੱਦਾ ਇਕ ਵਾਰ ਇੱਥੇ ਆ ਗਿਆ ਉਹਨੂੰ ਅੱਗੋਂ ਮੰਡੀ ਨੇ ਆਪਣੀ ਮਰਜ਼ੀ ਨਾਲ ਵਰਤਣਾ ਹੈ। ਹਰ

ਮੁੱਦੇ ਨੂੰ ਵਰਤਣ ਦੇ ਮੰਡੀ ਦੇ ਤਿੰਨ ਵੱਡੇ ਰਾਹ ਹਨ।

ਪਹਿਲਾ ਹੈ ਹਰ ਗੱਲ ਨੂੰ ਘਟੀਆ ਮਜ਼ਾਕ ਦੀ ਹੱਦ ਤੱਕ ਲੈ ਕੇ ਜਾਣਾ, ਕਿਉਂਕਿ ਮਨੁੱਖੀ (ਖ਼ਾਸਕਰ ਮਰਦਾਵੀਂ) ਹਉਂ ਲੱਚਰ ਵਿਅੰਗ ਵਿਚੋਂ ਵਧੇਰੇ ਅਨੰਦ ਲੈਂਦੀ ਹੈ। ਹਸਾਉਣ ਦੇ ਯਤਨ ਅਕਸਰ ਇਸ ਪਾਸੇ ਹੀ ਜਾਂਦੇ ਹਨ।

ਦੂਜਾ ਰਾਹ ਹੈ ਸ਼ੰਕੇ ਅਤੇ ਜਾਸੂਸੀ ਵੰਨਗੀ ਦਾ, ਜੀਹਦੇ ਰਾਹੀਂ ਮਨੁੱਖ ਦੀ ਭੇਤ ਜਾਣਨ ਦੀ ਇੱਛਾ ਨੂੰ ਜਗਾਇਆ ਵਧਾਇਆ ਅਤੇ ਵਰਤਿਆ ਜਾਂਦਾ ਹੈ। ਹੋਰ ਨਵੀਂ ਗੱਲ, ਹੋਰ ਨਵੀਂ ਗੱਲ ਨਾਲ ਬੱਚੇ ਵਾਂਗ ਹੈਰਾਨ ਕਰ ਦੇਣਾ ਜਾਸੂਸੀ ਕਲਪਨਾ ਦੀ ਲੋੜ ਹੈ। ਧਰਮ ਇਤਿਹਾਸ ਬਾਰੇ ਬਹੁਤੀ ਖੋਜ ਸ਼ੰਕੇ ਸਵਾਲ ਕਿਸਮ ਦੀ ਹੀ ਹੁੰਦੀ ਹੈ।

ਤੀਜਾ ਰਾਹ ਹੈ ਊਲ-ਜਲੂਲ ਸਵਾਲਾਂ, ਵਿਚਾਰਾਂ ਦਾ ਜੋ ਕਿਸੇ ਵੀ ਚੀਜ਼ ਦਾ ਕੋਈ ਸਿਰ-ਪੈਰ ਹੀ ਨਹੀਂ ਰਹਿਣ ਦਿੰਦੇ। ਗ਼ਲਤ-ਠੀਕ ਦੀਆਂ ਹੱਦਾਂ ਨੂੰ ਮੇਟ ਦੇਣਾ, ਵਿਰੋਧਾਭਾਸੀ ਦਲੀਲਬਾਜ਼ੀ ਜਾਂ ਉਲਟਬਾਜ਼ੀਆਂ (ਸਭ ਕੁਝ ਸਹੀ ਹੈ ਅਤੇ ਕੁਝ ਵੀ ਸਹੀ ਨਹੀਂ) ਵਰਗੀਆਂ ਗੱਲਾਂ ਕਰਨਾ, ਕਿਸੇ ਵੀ ਅਹਿਮ ਗੱਲ ਦਾ ਬੇਸਿਰ ਪੈਰ ਦੀ ਤੁਲਨਾ ਕਰਕੇ ਮਜ਼ਾਕ ਉਡਾ ਦੇਣ, ਆਦਿ ਸਾਰਾ ਭੰਡਪੁਣਾ ਅੱਜ-ਕੱਲ੍ਹ ਜ਼ੋਰਾਂ 'ਤੇ ਹੈ।

ਪਰਛਾਵੇਂਕਾਰੀ ਦੇ ਹਿਮਾਇਤੀ ਸਿੱਖਾਂ ਨੂੰ ਭੁਲੇਖਾ ਹੈ ਕਿ ਓਹ ਬਿਜਲ ਜਗਤ ਦੀ ਸਹਾਇਤਾ ਨਾਲ ਸਿੱਖੀ ਦੀ ਗੱਲ ਫੈਲਾ ਲੈਣਗੇ। ਜੇ ਸਿੱਖਾਂ ਨੇ ਮਨੋਰੰਜਨ ਅਤੇ ਮੰਡੀ ਦੇ ਚਲਣ ਨੂੰ ਅਣਡਿੱਠ ਕਰਕੇ ਧਰਮ ਦਾ ਰਾਹ ਪਰਛਾਵਿਆਂ ਲਈ ਖੋਲ੍ਹ ਲਿਆ ਤਾਂ ਓਹ ਭੁੱਲ ਜਾਣ ਕਿ ਗੁਰੂ ਸਾਹਿਬ ਅਤੇ ਆਪਣੇ ਸ਼ਹੀਦਾਂ ਬਾਰੇ ਇਕ ਫ਼ੀਸਦੀ ਵੀ ਸਹੀ ਜਾਣਕਾਰੀ ਦੇ ਸਕਣਗੇ, ਕਿਉਂਕਿ ਪਰਛਾਵੇਂਕਾਰੀ ਵਿਚ ਕੁਝ ਵੀ ਪਵਿੱਤਰ ਨਹੀਂ ਹੈ। ਇੱਥੇ ਵੱਧ ਤੋਂ ਵੱਧ ਇਤਿਹਾਸਕ-ਤੱਥਗਤ ਦਾ ਖਾਨਾ ਹੁੰਦਾ ਹੈ, ਉਹਨੂੰ ਵੀ ਪੇਸ਼ ਕਰਨ ਲਈ ਕਲਪਨਾ ਕਰਨ ਅਤੇ ਮਸਾਲਾ ਲਾਉਣ ਦੀ ਖੁੱਲ੍ਹ ਹੁੰਦੀ ਹੈ। ਪਰਛਾਵਾਂਕਾਰੀ ਅਤੇ ਬਿਜਲ ਜਗਤ ਦੀ ਜਿਸ ਵਿਚਾਰ ਵਿਚੋਂ ਪੈਦਾਇਸ਼ ਹੋਈ ਹੈ, ਉਹਦੇ ਵਿਚ ਧਰਮ ਦਾ ਖਾਨਾ ਹੀ ਨਹੀਂ ਹੈ।

ਜੇ ਲੋਕਾਂ ਦੇ ਪਿੱਛੇ ਲੱਗ ਗੁਰੂ ਅਤੇ ਸ਼ਹੀਦਾਂ ਦੇ ਰੁਤਬੇ ਨੂੰ ਪਵਿੱਤਰਤਾ ਦੇ ਆਭਾ ਮੰਡਲ ਵਿਚੋਂ ਉਤਾਰ ਕੇ ਮਨੋਰੰਜਨ ਮੰਡੀ ਵਿਚ ਨਚਾਉਣਾ ਮਨਜ਼ੂਰ ਕਰ ਲਿਆ ਤਾਂ ਧਰਮ ਦੀ ਅਰਸ਼ੀ ਸ਼ਾਨ ਪਰਛਾਵਿਆਂ ਦੀ ਭੱਠੀ ਵਿਚ ਪੈ ਜਾਏਗੀ। ਅਗਲੀ ਪੀੜ੍ਹੀ ਜਾਂ ਹੋਰਾਂ ਨੂੰ ਜਾਗਰੂਕ ਕਰਨਾ ਤੇ ਦੂਰ, ਪਰਛਾਵੇਂ ਬਣਾ ਕੇ ਵੇਖਣ ਨਾਲ ਆਪਣੇ ਮਨਾਂ ਵਿਚੋਂ ਵੀ ਸਤਿਕਾਰ ਸ਼ਰਧਾ ਖ਼ਤਮ ਹੋ ਜਾਣਗੇ। ਸੰਨ ੧੯੬੭ ਈਸਵੀ ਵਿਚ ਅੰਗਰੇਜ਼ ਭਗਤ ਅਰਨੈਸਟ ਟਰੰਪ ਨੇ ਸਿੱਖਾਂ ਦੇ ਛੇਤੀ ਖ਼ਤਮ ਹੋਣ ਦੀ ਕਲਪਨਾ ਕੀਤੀ ਸੀ। ਫਿਰ ਭਾਰਤੀ ਲਿਖਾਰੀ ਖੁਸ਼ਵੰਤ ਸਿੰਘ ਨੇ ਸਿੱਖਾਂ ਦੇ ੫੦ ਸਾਲ ਵਿਚ ਖ਼ਤਮ ਹੋਣ ਦੀ ਕਲਪਨਾ ਕੀਤੀ ਸੀ। ਏਹ ਕਲਪਨਾਵਾਂ ਸੱਚੀਆਂ ਹੋ ਜਾਂਦੀਆਂ ਜੇ ਦਰਬਾਰ ਸਾਹਿਬ ਦੇ ਹਮਲੇ ਸਾਹਮਣੇ ਅਸਲੀ ਸ਼ਹੀਦ ਨਾ ਖੜ੍ਹੇ ਹੁੰਦੇ। ਜੇ ਅੱਜ ਅਸੀਂ ਗੁਰੂ ਸਾਹਿਬ ਅਤੇ ਸ਼ਹੀਦਾਂ ਦੇ ਪਰਛਾਵੇਂ ਬਣਾ ਕੇ ਧਰਮ ਨੂੰ ਹੀ ਕਲਪਨਾ ਦੇ ਖਾਤੇ ਵਿਚ ਪਾ ਲਿਆ ਤਾਂ ਫਿਰ ਕਿਸੇ ਹੋਰ ਨੂੰ ਕਲਪਨਾ ਕਰਨ ਦੀ ਕੀ ਲੋੜ ਹੈ, ਸਾਡਾ ਭਵਿੱਖ ਆਪ ਹੀ ਪਰਛਾਵੇਂ ਦੀ ਕੈਦ ਵਿਚ ਪੈ ਜਾਏਗਾ। ਪਰਛਾਵੇਂਕਾਰੀ ਨਾਲ ਤਾਂ ਇਤਿਹਾਸ ਵੀ ਕਲਪਨਾ ਦੁਆਰਾ ਬੰਨ੍ਹੀ ਹੱਦ ਤੋਂ ਅੱਗੇ ਨਹੀਂ ਜਾ ਸਕੇਗਾ, ਧਰਮ ਦਾ ਸੱਚ ਪੇਸ਼ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ।

ਜਿਹੜੇ ਸਾਡੇ ਮੁੱਢ ਵਿਚ ਬੈਠੇ ਹਨ ਉਹ ਆਦਿ ਕਾਲ ਤੋਂ ਬੁੱਤ ਪੂਜਾ ਦੇ ਧਨੀ ਹਨ ਅਤੇ ਅੱਜ-ਕੱਲ੍ਹ ਦੁਨੀਆ ਦੀ ਸਭ ਤੋਂ ਮਸ਼ਹੂਰ ਪਰਛਾਵਾਂ ਮੰਡੀ ਦੇ ਮਾਲਕ ਹਨ। ਪਰਛਾਵਿਆਂ ਦੀ ਹਿੰਦੀ-ਅੰਗਰੇਜ਼ੀ ਮੰਡੀ ਹੀ ਏਡੀ ਵੱਡੀ ਤੇ ਮੂੰਹ-ਜ਼ੋਰ ਹੈ ਕਿ ਸਿੱਖ ਤਾਂ ਇਹਦੇ ਪਾਸਕੂ ਵੀ ਨਹੀਂ ਬਣਨੇ ਪਰ ਇਹ ਧਰਮ ਦੀ ਸ਼ਾਨ ਨੂੰ ਰਾਮ ਲੀਲਾ, ਰਾਸ ਲੀਲਾ ਜ਼ਰੂਰ ਬਣਾ ਲੈਣਗੇ ਤੇ ਅਖੀਰ ਧਰਮ ਇਤਿਹਾਸ ਦੀ ਹਰਿਆਣਵੀ ਰਮਾਇਣ ਵਰਗੀ ਹਾਲਤ ਬਣੇਗੀ।

## ਪਰਛਾਵੇਂਕਾਰੀ ਦਾ ਅਸਰ

ਮਨੋਰੰਜਨ ਰਾਹੀਂ ਧਰਮ ਸੇਵਾ ਦਾ ਨਵਾਂ ਤਰੀਕਾ ਵਰਤਣ ਤੋਂ ਪਹਿਲਾਂ ਇਹਦੇ ਅਸਰ ਬਾਰੇ ਕਿਉਂ ਨਾ ਸੋਚਿਆ ਜਾਵੇ ? ਜਿਹੜੇ ਲੋਕਾਂ ਨੇ ਪਰਛਾਵੇਂਕਾਰੀ ਦੇ ਜੰਜਾਲ ਦਾ ਅਸਰ ਸਾਡੇ ਤੋਂ ਸਦੀ ਪਹਿਲਾਂ ਵੇਖ ਲਿਆ, ਉਹਨਾਂ ਦੇ ਤਜਰਬੇ ਕਿਸੇ ਉਲਾਰ ਅਧੀਨ ਸਾਥੋਂ ਅਣਡਿੱਠ ਹੋ ਰਹੇ ਹਨ। ਪਦਾਰਥਵਾਦੀ ਸਮਝ ਵਾਲੇ ਵਿਦਵਾਨਾਂ ਨੇ ਵੀ ਦੂਜੀ ਸੰਸਾਰ ਜੰਗ ਤੋਂ ਪਹਿਲਾਂ ਇਹ ਤੱਤ ਕੱਢ ਲਿਆ ਸੀ ਕਿ ਪਰਛਾਵੇਂ ਬੰਦੇ ਦੇ ਸਵੈਮਾਣ ਅਤੇ ਸੋਚ ਨੂੰ ਮਾਰਨ ਅਤੇ ਭੀੜ ਰੂਪ ਵਿਚ ਲੋਕਾਂ ਦੀ ਸੋਚ ਨੂੰ ਕਾਬੂ ਕਰਕੇ ਚਲਾਉਣ ਦੇ ਕੰਮ ਆਉਣਗੇ। ਲੋਕ ਭਲਾਈ ਅਤੇ ਪੈਸਾਮੁਖੀ ਸੋਚ ਦੇ ਬੰਦਿਆਂ ਨੇ ਆਪਣੇ-ਆਪਣੇ ਹਿਸਾਬ ਨਾਲ ਬਿਜਲਈ ਮੰਡੀ ਦੇ ਆਉਣ ਵਾਲੇ ਨਤੀਜਿਆਂ ਨੂੰ ੧੯੪੦ ਤੋਂ ਪਹਿਲਾਂ ਸਮਝ ਲਿਆ ਸੀ।

ਨਾਟਕ ਅਤੇ ਪਰਛਾਵੇਂ ਮੂਲ ਰੂਪ ਵਿਚ ਮਨੋਰੰਜਨ ਦਾ ਸਾਧਨ ਹਨ। ਇਹਨਾਂ ਰਾਹੀਂ ਜੋ ਵੀ ਪੇਸ਼ ਹੋਏਗਾ ਆਖ਼ਰ ਨੂੰ ਉਹ ਮਜ਼ਾਕ ਬਣੇਗਾ। ਬਿਜਲ ਪਰਛਾਵੇਂ ਰਾਹੀਂ ਧਰਮ ਪੇਸ਼ ਕਰਨ ਦੀ ਪੱਥਰ ਵਰਗੀ ਠੋਸ ਮਿਸਾਲ ਹਨ; 'ਚਾਰ ਸਾਹਿਬਜ਼ਾਦੇ' ਫ਼ਿਲਮਾਂ। ਇਹਨਾਂ ਫ਼ਿਲਮਾਂ ਵਿਚ ਸਾਹਿਬਜ਼ਾਦੇ ਮਜ਼ਾਕ ਕਰਦੇ ਵੀ ਹਨ ਅਤੇ ਉਹ ਮਜ਼ਾਕ ਦੇ ਪਾਤਰ ਬਣ ਕੇ ਦਰਸ਼ਕਾਂ ਅੰਦਰ ਹਾਸੇ ਪੈਦਾ ਕਰਨ ਦੇ ਕੰਮ ਵੀ ਆਉਂਦੇ ਹਨ। ਸਿੱਖਾਂ ਦੀਆਂ ਅੱਖਾਂ ਸਾਹਮਣੇ ਧਰਮ ਦੇ ਪ੍ਰਚਾਰ ਦੇ ਨਾਂਅ ਹੇਠ ਸ਼ਹੀਦਾਂ ਦਾ ਮਜ਼ਾਕ ਬਣਿਆ। ਛੋਟੀਆਂ ਜਿੰਦਾਂ ਵੱਡੇ ਸਾਕੇ ਦੇ ਬਾਬਿਆਂ ਦਾ ਮਜ਼ਾਕ ਉਡਿਆ। ਪਹਿਲੇ ਸਿੱਖ ਬਾਦਸ਼ਾਹ, ਜਰਨੈਲ ਅਤੇ ਸ਼ਹੀਦ ਦਾ ਵੀ ਮਜ਼ਾਕ ਉਡਿਆ। ਪਿਛਲੀਆਂ ਤਿੰਨ ਸਦੀਆਂ ਵਿਚ ਕਦੇ ਕਿਸੇ ਸਿੱਖ ਨੇ ਘਰ ਅੰਦਰ ਜਾਂ ਲੋਕਾਂ ਵਿਚ ਸਾਹਿਬਜ਼ਾਦਿਆਂ ਦੇ ਨਾਂਅ 'ਤੇ ਮਜ਼ਾਕ ਕਰਨ ਦਾ ਸੁਪਨਾ ਵੀ ਨਹੀਂ ਲਿਆ ਸੀ। ਪਰਛਾਵੇਂ ਦੀ ਤਕਨੀਕ ਦੇ ਉੱਤਮ ਹੋਣ ਦਾ ਭਰਮ ਏਡਾ ਕਹਿਰਵਾਨ ਸੀ ਕਿ ਲੋਕ ਸ਼ਹੀਦਾਂ ਨਾਲ ਮਜ਼ਾਕ ਵਾਲੇ ਜ਼ਹਿਰ ਨੂੰ ਵੀ ਸ਼ਹਿਦ ਵਾਂਗ ਸੰਘੋਂ ਹੇਠ ਲੰਘਾ ਗਏ। ਫ਼ਿਲਮ ਵਿਰੁੱਧ ਬੋਲਣ ਵਾਲੇ ਲੋਕਾਂ ਨੂੰ ਪਿਛਾਂਹ-ਖਿੱਚੂ ਜਾਂ ਕੱਟੜਪੰਥੀ ਦੱਸਿਆ ਗਿਆ। ਸ਼ਹੀਦਾਂ ਦੇ ਨਾਂਅ ਦੀ ਉਹ ਪਵਿੱਤਰਤਾ, ਜੀਹਦੇ ਲਈ ਜੀਵਿਆ ਅਤੇ ਮਰਿਆ ਜਾਂਦਾ ਸੀ ਉਹ ਹਾਸੇ ਦੇ ਕੰਮ ਆ ਗਈ। ਜਿਹੜੀ ਗੱਲ ਪਦਾਰਥਵਾਦੀ ਲੋਕਾਂ ਨੂੰ ਵੀ ਸਮਝ ਆ ਗਈ ਸੀ ਉਹ ਗੱਲ ਧਾਰਮਿਕਾਂ ਨੂੰ ਪਰਛਾਵੇਂਕਾਰੀ ਦੇ ਉੱਤਮ ਸਾਧਨ ਹੋਣ ਦੇ ਭਰਮ ਕਰਕੇ ਸਮਝ ਨਹੀਂ ਆਈ। ਓਹ ਨਹੀਂ ਜਾਣ ਸਕੇ ਕਿ ਮੰਡੀ ਨੇ ਧਰਮ ਪ੍ਰਚਾਰ ਦੇ ਨਾਂਅ ਹੇਠ ਪਵਿੱਤਰਤਾ ਨਾਲ ਮਨੋਰੰਜਨ ਕਰ ਲਿਆ। ਵੇਖਣ ਵਾਲੇ ਸਿੱਖਾਂ ਦੇ ਮਨ ਵਿਚ ਸਾਹਿਬਜ਼ਾਦੇ ਅਰਦਾਸ ਵਿਚਲੇ ਪਹਿਲੀ ਕਤਾਰ ਦੇ ਸ਼ਹੀਦਾਂ ਤੋਂ ਬਿਜਲ ਪਰਛਾਵੇਂ ਬਣ ਗਏ। ਹੁਣ ਓਹਨਾਂ ਦਾ ਚੇਤੇ ਮੁੜ ਅਸਲੀ ਅਹਿਸਾਸ ਲਈ ਸ਼ਾਇਦ ਹੀ ਕਦੇ ਏਹਨਾਂ ਬੁੱਤਾਂ ਤੋਂ ਮੁਕਤ ਹੋਣਗੇ।

ਗੁਰੂ ਸਾਹਿਬਾਨ ਨੇ ਜਿਹੜੇ ਲੋਕਾਂ ਨੂੰ ਕੁੱਲ ਸੰਸਾਰ ਦੇ ਮਾਇਆਵੀ ਰੂਪ ਤੋਂ ਸੁਚੇਤ ਕੀਤਾ ਸੀ, ਉਹ ਪਰਛਾਵੇਂ ਦੀ ਪੈੜ ਵਿਚ ਹੀ ਉਲਝ ਗਏ। ਸੱਚ ਅਤੇ ਪਵਿੱਤਰਤਾ ਨੂੰ ਆਪਣੀ ਅਕਲ ਦੇ ਜ਼ੋਰ ਨਾਲ ਪਰਛਾਵੇਂ ਵਿਚ ਬੰਨ੍ਹਣ ਦੇ ਭਰਮ ਵਿਚ ਖ਼ੁਸ਼ ਹਨ। ਕੌਣ ਜਾਣਦਾ ਸੀ ਕਿ ਅਜਿਹਾ ਵੇਲਾ ਵੀ ਆਏਗਾ ਕਿ ਸਿੱਖ ਆਪ ਹੀ ਗੁਰੂ ਅਤੇ ਸ਼ਹੀਦਾਂ ਦੇ ਬੁੱਤ ਸਾਜਣਗੇ। ਗੁਰੂ ਸ਼ਬਦ ਨੂੰ ਸੁਣਨ ਦੀ ਥਾਂ ਸੰਦਾਂ ਦੀ ਆਵਾਜ਼ ਨੂੰ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੀ ਆਵਾਜ਼ ਜਾਣਨਗੇ। ਪਰ ਇਤਿਹਾਸ ਇਹ ਜਾਣਦਾ ਹੈ ਕਿ ਜਦੋਂ ਬੰਦੇ ਦੀ ਹਉਮੈ ਧਰਤੀ ਦੀਆਂ ਚੁੰਹਾਂ ਕੂੰਟਾਂ ਤੋਂ ਪਾਰ ਅਸਮਾਨ ਤੱਕ ਚੜ੍ਹਦੀ ਹੈ ਤਾਂ ਉਹ ਆਪਣੇ ਹੱਥੀਂ ਆਪਣੇ ਪੂਜਣਯੋਗ ਦੀ ਤੋਰ ਸਿਰਜਣ ਦਾ ਅਤਿ ਮਾੜਾ ਕਰਮ ਕਰਦੀ ਹੈ। ਉਦੋਂ ਲੋਕ ਆਪਣੀ ਜ਼ਿੰਦਗੀ ਦੇ ਬੇਭਾਗੇ ਪਲਾਂ ਨੂੰ ਬੜਾ ਅਹਿਮ ਸਮਝਣ ਲੱਗਦੇ ਹਨ ਜਦੋਂ ਕਲਪਨਾ ਰਾਹੀਂ ਰੱਬਤਾ ਨੂੰ ਆਪਣੀ ਮੁੱਠੀ ਵਿਚ ਫੜਨ ਦੀ ਕੋਸ਼ਿਸ਼ ਕਰਦੇ ਹਨ।

ਜੇ ਬੰਦੇ ਦੀ ਧਰਮ ਭਾਵਨਾ ਸੱਚੀ ਹੋਵੇ ਤਾਂ ਉਹ ਅਸੂਲਾਂ ਦਾ ਪ੍ਰਚਾਰ ਆਪਣੇ ਬੋਲਾਂ-ਅਮਲਾਂ ਨਾਲ ਕਰਦਾ ਹੈ। ਇਹ ਗੱਲ ਸੱਜਰੇ ਇਤਿਹਾਸ ਵਿਚ ਬਹੁਤ ਚੰਗੀ ਤਰ੍ਹਾਂ ਪ੍ਰਗਟ ਹੋਈ ਹੈ ਕਿ ਜਿਹੜੇ ਲੋਕਾਂ ਨੇ ਧਰਮ ਨੂੰ ਇਤਿਹਾਸ ਰੂਪ ਵਿਚ ਜਾਣਿਆ ਸੀ ਉਹ

ਧਰਮ ਨਹੀਂ ਨਿਭਾਅ ਸਕੇ। ਜਿਹੜੇ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਦੇ ਮਾਤਾ-ਪਿਤਾ ਦਾ ਨਾਂਅ ਵੀ ਨਹੀਂ ਪਤਾ ਸੀ ਉਹ ਆਪਣਾ ਜੀਵਨ ਸ਼ਰਧਾ ਦੇ ਅਹਿਸਾਸ ਵਿਚ ਹੀ ਲੇਖੇ ਲਾ ਗਏ। ਧਰਮ ਉਹਨਾਂ ਲਈ ਜੀਵਨ ਅਮਲ ਸੀ। ਧਰਮ ਦਾ ਫੈਲਾਅ ਸਦਾ ਹੀ ਅਮਲ ਤੋਂ ਹੁੰਦਾ ਹੈ। ਇਕ ਧਰਮ ਨੂੰ ਮੰਨਣ ਵਾਲਾ ਦੂਜੇ ਦੇ ਧਰਮ ਨੂੰ ਇਤਿਹਾਸ ਰੂਪ ਰਾਹੀਂ ਹੀ ਜਾਣਦਾ ਹੈ ਪਰ ਜੇ ਕੋਈ ਆਪਣੇ ਧਰਮ ਨੂੰ ਹੀ ਇਤਿਹਾਸ ਰੂਪ ਵਿਚ ਦੱਸਣ ਲੱਗੇ ਤਾਂ ਇਹ ਪ੍ਰਚਾਰ ਨਹੀਂ ਹੁੰਦਾ, ਸਗੋਂ ਆਪਣੇ ਧਰਮ ਨੂੰ ਕਿਸੇ ਰਾਜਸੀ ਜਾਂ ਵਪਾਰਕ ਮੰਡੀ ਦੀ ਲੋੜ ਦੇ ਪੱਧਰ 'ਤੇ ਲਿਆਉਣਾ ਹੁੰਦਾ ਹੈ। ਦੁਨਿਆਵੀ ਬਿਰਤੀ ਬਿਨਾਂ ਕੋਈ ਵੀ ਬੰਦਾ ਪਵਿੱਤਰ ਨੂੰ ਕੈਦ ਕਰਨ ਦਾ ਭਰਮ ਨਹੀਂ ਪਾਲ਼ਦਾ ਅਤੇ ਨਾ ਹੀ ਇਸ ਨੂੰ ਮਨੋਰੰਜਨ ਸਮਝ ਸਕਦਾ ਹੈ।

## ਕਿਰਦਾਰ ਅਤੇ ਪ੍ਰਚਾਰ

ਜਦ ਤੋਂ ਮਨੁੱਖ ਧਰਮ ਦੇ ਰਾਹ ਪਿਆ ਹੈ ਅਮਲੀ ਕਿਰਦਾਰ ਹੀ ਪ੍ਰਚਾਰ ਦਾ ਅਸਲੀ ਤੇ ਵੱਡਾ ਸਾਧਨ ਰਿਹਾ ਹੈ ਪਰ ਅਸਲੀ ਸਵਾਲ ਇਹ ਹੈ ਕਿ ਨਵੀਂ ਤਕਨੀਕ ਨਾਲ ਪ੍ਰਚਾਰ ਕਰਨ ਦੀ ਗੱਲ ਕਿਸੇ ਸਿੱਖ ਨੂੰ ਜਚੀ ਕਿਵੇਂ ? ਕੋਈ ਧਰਮ ਪ੍ਰਚਾਰ ਕਰਨ ਲਈ ਧਰਮ ਨੂੰ ਇਤਿਹਾਸ ਵਿਚ ਉਤਾਰ ਕੇ ਪੇਸ਼ ਕਿਉਂ ਕਰਦਾ ਹੈ ? ਅੰਗਰੇਜ਼ਾਂ ਵੇਲੇ ਜੋ ਨਵੇਂ ਤਰੀਕੇ ਅਪਣਾਏ ਸਨ ਓਹਨਾਂ ਦੀ ਗੱਲ ਪਿੱਛੇ ਹੋ ਗਈ ਹੈ। ਅੰਗਰੇਜ਼ਾਂ ਤੋਂ ਪਹਿਲਾਂ ਅਤੇ ਓਹਨਾਂ ਤੋਂ ਬਾਅਦ ਵੀ ਸਿੱਖੀ ਦਾ ਅਸਲ ਪ੍ਰਚਾਰ ਕਿਰਦਾਰ ਰਾਹੀਂ ਹੀ ਹੋਇਆ ਹੈ। ਜੇ ਅਤਿ ਬਿਖੜੇ ਵੇਲੇ ਵੀ ਅਸੀਂ ਕਿਰਦਾਰ ਸਿਰ ਜੀਏ ਤੇ ਵਧੇ ਤਾਂ ਹੁਣ ਝੂਠ ਦਾ ਆਸਰਾ ਕਿਉਂ ?

ਆਪਣੇ ਜੀਵਨ ਅਮਲ ਨੂੰ ਸਹੀ ਕੀਤੇ ਬਿਨਾਂ ਦੂਜਿਆਂ ਦੇ ਮੁਕਾਬਲੇ ਜਾਂ ਸਾਹਮਣੇ ਆਪਣਾ ਸਹੀ ਬਿੰਬ ਕਿਵੇਂ ਬਣਾ ਸਕਦੇ ਹਾਂ ? ਇਤਿਹਾਸ ਦੇ ਫੈਲਾਅ ਦੀ ਤਸਵੀਰ ਅਸੀਂ ਹੋਰਾਂ ਨੂੰ ਜਾਂ ਆਪਣੀ ਅਗਲੀ ਪੀੜ੍ਹੀ ਨੂੰ ਵਿਖਾ ਕੇ ਆਪਣੇ ਅੱਜ ਨੂੰ ਕਿਵੇਂ ਬਦਲ ਦਿਆਂਗੇ ? ਮਨੁੱਖੀ ਜਾਂ ਮਸ਼ੀਨੀ ਪ੍ਰਚਾਰ ਨਾਲ ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਵੀ ਕਿੰਨਾ ਕੁ ਸਿੱਖਿਅਤ ਕਰ ਸਕਾਂਗੇ? ਸਾਡਾ ਜੀਵਨ ਸਾਡੇ ਬੱਚਿਆਂ ਸਾਹਮਣੇ ਜਿਉਂਦੀ ਜਾਗਦੀ ਮਿਸਾਲ ਹੈ। ਸਾਡਾ ਅਮਲ, ਸਾਡੀ ਕਲਪਨਾ ਦੀ ਗਿਣਤੀ-ਮਿਣਤੀ ਵਿਚੋਂ ਪੈਦਾ ਹੋਏ ਪਰਛਾਵਿਆਂ ਨਾਲੋਂ ਕਿਤੇ ਵਧੇਰੇ ਅਸਰਦਾਰ ਰਹੇਗਾ। ਅਸੀਂ ਕਿਸੇ ਵੀ ਹੋਰ ਚੀਜ਼ ਨਾਲ ਆਪਣੇ ਜੀਵਨ ਅਮਲ ਦੀ ਸਚਾਈ ਨੂੰ ਨਹੀਂ ਬਦਲ ਸਕਦੇ, ਖ਼ਾਸ ਕਰਕੇ ਓਹਨਾਂ ਸਾਧਨਾਂ ਦੀ ਵਰਤੋਂ ਨਾਲ, ਜਿਹੜੇ ਮੁੱਖ ਰੂਪ ਵਿਚ ਮਨੋਰੰਜਨ ਦੇ ਸਾਧਨ ਹਨ। ਮਨੋਰੰਜਨ ਦੇ ਸਾਧਨਾਂ ਰਾਹੀਂ ਜਦੋਂ ਆਪਣੇ ਬੱਚਿਆਂ ਸਾਹਮਣੇ ਇਤਿਹਾਸ ਪੇਸ਼ ਕਰਾਂਗੇ ਤਾਂ ਹਾਸੀ ਹੀ ਉੱਡੇਗੀ। ਸਾਨੂੰ ਸਾਡੇ ਬੱਚਿਆਂ ਸਾਹਮਣੇ ਮਨੋਰੰਜਨੀ ਚੀਜ਼ਾਂ ਚੰਗਾ ਕਿਵੇਂ ਬਣਾ ਦੇਣਗੀਆਂ ? ਬੱਚੇ ਨੇ ਮਾਪਿਆਂ ਅਤੇ ਵਡਾਰੂਆਂ ਤੋਂ ਹੀ ਜ਼ਿੰਦਗੀ ਦੇ ਅਸਲੀ ਮਾਪਦੰਡ ਸਿੱਖਣੇ ਹੁੰਦੇ ਹਨ। ਅਸੀਂ ਜੋ ਘਰਾਂ ਵਿਚ, ਗੁਰੂ-ਘਰਾਂ ਵਿਚ ਅਤੇ ਸਮਾਜ ਵਿਚ ਕਰਦੇ ਹਾਂ ਉਹ ਅਸਲੀ ਪ੍ਰਚਾਰ ਹੈ, ਜੋ ਸਾਡੀ ਅਗਲੀ ਪੀੜ੍ਹੀ ਨੂੰ ਸੇਧ ਦੇਵੇਗਾ। ਸਾਨੂੰ ਇਹ ਸਚਾਈ ਦਾ ਸਾਹਮਣਾ ਕਰਨਾ ਚਾਹੀਦਾ ਹੈ। ਸਾਡੇ ਅਮਲ ਸਾਡੇ ਬੱਚਿਆਂ ਤੋਂ ਅਤੇ ਅੱਜ ਦੇ ਵੇਲੇ ਗ਼ੈਰਾਂ ਤੋਂ ਵੀ ਕਿਵੇਂ ਲੁਕ ਸਕਦੇ ਹਨ ਅਤੇ ਲੁਕਾਉਣੇ ਵੀ ਕਿਉਂ ਚਾਹੀਦੇ ਨੇ ?

ਉੱਨ੍ਹੀਵੀਂ ਸਦੀ ਵਿਚ ਵੀ ਸਿੱਖਾਂ ਅਤੇ ਅੰਗਰੇਜ਼ਾਂ ਦੀਆਂ ਜੰਗਾਂ ਦੀਆਂ ਖ਼ਬਰਾਂ ਦੂਰ ਬੈਠੇ ਕਾਰਲ ਮਾਰਕਸ ਤੱਕ ਪਹੁੰਚੀਆਂ। ਜਿਹੜਾ ਬੰਦਾ ਸਾਰੀ ਜ਼ਿੰਦਗੀ ਕਿਸੇ ਸਿੱਖ ਨੂੰ ਨਹੀਂ ਸੀ ਮਿਲਿਆ ਅਤੇ ਧਰਮ ਨੂੰ ਮਨੁੱਖਤਾ ਲਈ ਮਾੜਾ ਮੰਨਦਾ ਸੀ ਉਹ ਵੀ ਇਕ ਘੜੀ ਸਿੱਖਾਂ ਦਾ ਪ੍ਰਸੰਸਕ ਹੋਇਆ, ਪਰ ਕਿਹੜੀ ਗੱਲ ਕਰਕੇ ? ਜੇ ਬਾਹਰਲੇ ਮੁਲਕਾਂ ਵਿਚ ਅੱਜ ਸਿੱਖਾਂ ਦੀ ਕੋਈ ਗੱਲ ਕਰਦਾ ਜਾਂ ਸੁਣਦਾ ਹੈ ਤਾਂ ਡੁੱਲ੍ਹੇ ਹੋਏ ਅਤੇ ਡੁੱਲ੍ਹ ਰਹੇ ਖ਼ੂਨ-ਪਸੀਨੇ ਕਰਕੇ, ਕਿਰਦਾਰ ਦੀ ਉਚਾਈ ਕਰਕੇ ਕਰਦਾ ਹੈ। ਸੰਸਾਰ ਜੰਗਾਂ ਵੇਲੇ ਸਿੱਖ ਫ਼ੌਜੀਆਂ ਦੇ ਨਿੱਜੀ ਕਿਰਦਾਰ ਕਰਕੇ ਜਾਂ ਅਜੋਕੇ ਸਮੇਂ ਵਿਚ ਦਰਬਾਰ ਸਾਹਿਬ ਦੀ ਰਾਖੀ ਲਈ ਜੂਝਣ ਵਾਲਿਆਂ ਕਰਕੇ ਜਾਂ ਲਾਵਾਰਸ ਲਾਸ਼ਾਂ ਬਣ ਗਏ ਲੋਕਾਂ ਕਰਕੇ ਸਿੱਖਾਂ ਦੀ ਗੱਲ ਹੁੰਦੀ ਹੈ ਨਾ ਕਿ ਕਿਸੇ ਪ੍ਰਚਾਰ ਦੇ ਅਸਰ ਕਰਕੇ।

ਇਹ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਪਵਿੱਤਰਤਾ ਦੇ ਕਿਲ੍ਹੇ ਨੇ ਹੀ ਸਿੱਖਾਂ ਨੂੰ ਦੁਨੀਆ ਦੀ ਮਾਰ ਤੋਂ ਬਚਾਇਆ ਹੋਇਆ ਹੈ। ਭਾਰਤ ਸਮੇਤ ਦੁਨੀਆ ਵਿਚ ਕਿੰਨੇ ਮੁਲਕਾਂ ਵਿਚ ਸਿੱਖ ਆਪਣੀ ਪੱਗ, ਕੜੇ ਅਤੇ ਕਿਰਪਾਨ ਲਈ ਅੱਜ ਤੱਕ ਜੂਝ ਰਹੇ ਹਨ। ਜੇ ਸਾਡੀ ਪਛਾਣ ਦੁਨੀਆ ਵਿਚ ਸਾਡੇ ਲਈ ਮੁਸ਼ਕਲ ਬਣ ਰਹੀ ਹੈ ਤਾਂ ਇਹ ਮੁਸ਼ਕਲ ਦਾ ਇਲਾਜ ਨਵੀਂ ਮੁਸ਼ਕਲ ਸਹੇੜ ਕੇ ਨਹੀਂ ਹੋ ਸਕਦਾ। ਦੂਜੇ ਪਾਸੇ ਰਾਜਨੀਤੀ ਅਤੇ ਵਾਪਾਰ ਦੇ ਨੀਤੀਵਾਨਾਂ ਨੂੰ ਪਹਿਲਾਂ ਹੀ ਪਤਾ ਹੈ ਕਿ ਧਰਮ ਦਾ ਕਿਲ੍ਹਾ ਜਦੋਂ ਵੀ ਟੁੱਟੇਗਾ ਅੰਦਰੋਂ ਹੀ ਟੁੱਟੇਗਾ। ਬਾਹਰੋਂ ਹੋਏ ਹਮਲੇ ਇਹਨੂੰ ਸਿਰਫ਼ ਮਜ਼ਬੂਤ ਕਰਦੇ ਹਨ। ਜੇ ਸਿੱਖ ਆਪਣੀ ਪਵਿੱਤਰਤਾ ਦੇ ਕਿਲ੍ਹੇ ਵਿਚੋਂ ਆਪ ਬਾਹਰ ਨਹੀਂ ਨਿਕਲਦੇ, ਉਹਨਾਂ ਅੰਦਰ ਗੁਰੂ-ਸ਼ਰਧਾ ਦੀ ਥਾਂ ਮੰਡੀ ਦੀ ਤਾਂਘ ਪੈਦਾ ਨਹੀਂ ਹੁੰਦੀ, ਤਾਂ ਓਹਨਾਂ ਨੂੰ ਕੋਈ ਹਰਾ ਨਹੀਂ ਸਕਦਾ, ਸਿਰਫ਼ ਜ਼ੁਲਮ ਹੀ ਕਰ ਸਕਦਾ ਹੈ। ਅਟੁੱਟ ਨਿਸ਼ਚਾ ਜ਼ੁਲਮ ਨਾਲ ਹਮੇਸ਼ਾ ਨਿੱਖਰਦਾ ਹੀ ਹੈ। ਜਿੰਨਾ ਚਿਰ ਸਿੱਖ ਬੰਦ ਅੱਖਾਂ ਨਾਲ ਗੁਰੂ ਦਾ ਧਿਆਨ ਧਰਦਾ ਹੈ ਉਹ ਅਜਿੱਤ ਹੈ। ਉਹ ਦੁਨੀਆ ਤੋਂ ਅੱਗੇ ਪਿੱਛੇ ਨਹੀਂ ਸਗੋਂ ਉਸ ਤੋਂ ਨਿਆਰਾ ਹੈ। ਜਦੋਂ ਸਿੱਖ ਨੇ ਗੁਰੂ ਨੂੰ ਅਕਾਰ ਵਿਚ ਢਾਲਣ ਦਾ ਪਾਪ ਕੀਤਾ, ਉਹਦੇ ਲਈ ਗੁਰੂ ਦਾ ਨੂਰ ਮਨੁੱਖ ਦੇਹੀ ਵਰਗੇ ਬੁੱਤ ਵਿਚ ਬਦਲ ਜਾਏਗਾ ਅਤੇ ਪਵਿੱਤਰਤਾ ਦਾ ਕਿਲ੍ਹਾ ਅਲੋਪ ਹੋ ਜਾਏਗਾ। ਫਿਰ ਉਹ ਗੁਰੂ ਲਈ ਮਰੇਗਾ ਨਹੀਂ ਸਗੋਂ ਉਹਦੇ ਅੰਦਰੋਂ ਗੁਰੂ ਦਾ ਉੱਚਾ-ਸੁੱਚਾ ਪਿਆਰ ਮਰੇਗਾ। ਉਹ ਆਪਣੇ ਆਪ ਲਈ ਜੀਏਗਾ ਪਰ ਗੁਰੂ ਲਈ ਨਹੀਂ ਜੀਏਗਾ। ਇਹ ਪਵਿੱਤਰਤਾ ਦੇ ਕਿਲ੍ਹੇ ਨੂੰ ਸਿੱਖ ਆਪਣੀ ਬੇਪਰਵਾਹੀ ਨਾਲ ਵਾਰ-ਵਾਰ ਭੁੱਲਦੇ ਹਨ ਪਰ ਸਾੜ੍ਹੇ ਵਾਲਿਆਂ ਨੂੰ ਇਹ ਗੱਲ ਸਦਾ ਯਾਦ ਰਹਿੰਦੀ ਹੈ ਕਿ ਸਿੱਖਾਂ ਲਈ ਜਿੰਨਾ ਚਿਰ ਗੁਰੂ ਅਕਾਲ ਹੈ ਓਹਨਾਂ ਨੂੰ ਕਾਲ ਦੀਆਂ ਕੁੱਲ ਤਕਲੀਫ਼ਾਂ ਭੱਠੀ ਦੀ ਅੱਗ ਹਨ ਜੋ ਓਹਨਾਂ ਦੇ ਕਿਰਦਾਰ ਨੂੰ ਨਿਖਾਰਦੀ ਹੈ।

## ਖੁਆਰ ਹੋਇ ਕੈ

ਧਰਮ ਦੇ ਪੱਖ ਤੋਂ ਰੌਲ਼ਾ ਤਕਨੀਕ ਦਾ ਨਾ ਹੋ ਕੇ ਅਮਲ ਦਾ ਹੈ। ਤਕਨੀਕ ਦੀ ਵਰਤੋਂ ਵਾਪਾਰ ਅਤੇ ਰਾਜਨੀਤਕ ਅਮਲ ਦੀ ਖਾਨਾਪੂਰਤੀ ਕਰ ਸਕਦੀ ਹੈ ਪਰ ਧਰਮ ਦੀ ਨਹੀਂ। ਵਾਪਾਰ ਜਾਂ ਰਾਜਨੀਤੀ ਦੀ ਲੋੜ ਜਾਂ ਸੌਖ ਕਿਸੇ ਵੀ ਨਾਂਅ ਹੇਠ ਅਤੇ ਕਿਸੇ ਵੀ ਤਰੀਕੇ ਪਵਿੱਤਰਤਾ ਦੇ ਰੁਤਬੇ ਅਤੇ ਅਮਲ ਦੀ ਲੋੜ ਨੂੰ ਘਟਾ ਜਾਂ ਖਪਾ ਨਹੀਂ ਸਕਦੇ। ਤਕਨੀਕ ਜਿੱਥੇ ਮਰਜ਼ੀ ਪਹੁੰਚ ਜਾਏ ਸਿੱਖ ਓਦੋਂ ਤੱਕ ਹੀ ਸਿੱਖ ਹੈ ਜਦੋਂ ਤੱਕ ਉਹ ਅਮਲੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ। ਸਿੱਖ ਨੇ ਗੁਰੂ ਦੇ ਦਰਸ਼ਨ ਸ਼ਬਦ ਰੂਪ ਵਿਚ ਹੀ ਕਰਨੇ ਹਨ ਅਤੇ ਗੁਰੂ-ਘਰ ਵਿਚ ਸੰਗਤ ਰੂਪ ਵਿਚ ਕਰਨੇ ਹਨ, ਪੁਤਲੀਘਰ ਜਾਂ ਬਿਜਲ ਸੰਦ ਵਿਚ ਦਿਸਦੇ ਪਰਛਾਵੇਂ ਤੋਂ ਨਹੀਂ ਕਰਨੇ। ਗੁਰੂ ਨਾਨਕ ਸਾਹਿਬ ਦਾ ਨਾਂਅ ਬੇਸ਼ੱਕ ਇਤਿਹਾਸਕ ਤੌਰ 'ਤੇ ਮਾਨਤ ਹੈ ਪਰ ਸਿੱਖ ਲਈ ਇਹ ਨਾਮ ਧਰਮ ਰੂਪ ਵਿਚ ਹੀ ਅਰਥ ਰੱਖਦਾ ਹੈ। ਇਹ ਪਵਿੱਤਰ ਹੈ, ਰੱਬ ਰੂਪ ਹੈ, ਸ਼ਬਦ ਰੂਪ ਹੈ। ਸਿੱਖ ਲਈ ਧਰਮ ਅਤੇ ਧਰਮ ਇਤਿਹਾਸ ਸਭ ਸ਼ਬਦ ਹੀ ਹੈ। ਕਿਸੇ ਵੀ ਬੁੱਤ, ਤਸਵੀਰ ਜਾਂ ਪਰਛਾਵੇਂ ਨੂੰ ਗੁਰੂ ਜਾਂ ਸ਼ਹੀਦ ਦਾ ਰੂਪ ਕਹਿਣ ਤੋਂ ਵੱਡਾ ਗੁਨਾਹ ਹੋਰ ਕੋਈ ਨਹੀਂ ਹੈ।

ਜਿਹੜੇ ਲੋਕ ਰਹਿਤਨਾਮਿਆਂ ਵਿਚ ਗੁਰੂ ਦਰਸ਼ਨ ਦੇ ਦੱਸੇ ਰਾਹ ਨੂੰ ਭੁੱਲ ਕੇ ਬੁੱਤ ਦਰਸ਼ਨ ਅਤੇ ਪਰਛਾਵਿਆਂ ਦੀ ਹਿਲਜੁਲ ਵਿਚੋਂ ਗੁਰੂ ਦਰਸ਼ਨ ਲੱਭਣ ਲੱਗੇ ਹੋਏ ਹਨ ਅਤੇ ਜਿਹੜੇ ਗੁਰੂ ਦੇ ਵਚਨ ਮੰਨਣ ਅਤੇ ਗੁਰੂ ਦੇ ਨਾਮ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਦੇ ਅਮਲ ਨੂੰ ਧਾਰਨ ਨਾਲੋਂ ਓਹਨਾਂ ਦੇ ਪਰਛਾਵੇਂ ਬਣਾ ਕੇ ਵੇਖਣ ਵਿਖਾਉਣ ਲੱਗੇ ਹੋਏ ਹਨ, ਓਹ ਚਾਹੇ ਸਭ ਪਦਾਰਥ ਭੋਗ ਲੈਣ, ਸਮੇਂ ਦੀਆਂ ਸਰਕਾਰਾਂ ਓਹਨਾਂ ਨੂੰ ਵੱਡੇ ਇਨਾਮ, ਸੂਬੇਦਾਰੀਆਂ ਜਾਂ ਵਜ਼ੀਰੀਆਂ ਦੇ ਦੇਣ, ਪਰ ਓਹਨਾਂ ਦੇ ਅਮਲ ਦਾ ਅਸਲ ਲੇਖਾ ਧਰਮ ਸੱਚ ਨਾਲ ਹੋਣਾ ਹੈ ਅਤੇ ਇਹ ਅਸਲੀ ਫ਼ੈਸਲਾ ਗੁਰੂ ਪੰਥ ਨੇ ਆਪ ਹੀ ਕਰਨਾ ਹੈ ਕਿ 'ਖੁਆਰ ਹੋਇ ਸਭ ਮਿਲੇਂਗੇ' ਜਾਂ ਫਿਰ 'ਆਕੀ ਰਹੇ ਨਾ ਕੋਇ।'▪▪

# ਇਕੁ ਫਿਕਾ ਨ ਗਾਲਾਇ . . .

**ਅਮਰੀਕ ਸਿੰਘ, ਅੰਬਾਲਾ**

ਮਨੁੱਖੀ ਸਮਾਜ ਵਿਚ ਇਕ ਅਤਿ ਘਿਨਾਉਣੀ ਨਫਰਤ, ਕਲੇਸ਼, ਅਸ਼ਾਂਤੀ ਫੈਲਾਉਣ ਵਾਲੀ ਭੈੜੀ ਵਾਦੀ ਹੈ- ਫਿੱਕਾ ਬੋਲਣਾ। ਫਿੱਕਾ ਬੋਲਣ ਵਾਲਾ ਇਨਸਾਨ ਆਪਣੇ ਸੰਪਰਕ ਵਿਚ ਆਉਣ ਵਾਲੇ ਕਮਜ਼ੋਰ, ਲਾਚਾਰ, ਮਜਬੂਰ ਜੀਵਾਂ ਨੂੰ ਜਾਣ-ਬੁਝ ਕੇ ਆਪਣੀ ਚੰਚਲਤਾ, ਬਲ, ਜੋਬਨ, ਪ੍ਰਭੁਤਾ ਦੇ ਹੰਕਾਰ ਵਿਚ ਪੀੜਾ ਪਹੁੰਚਾਉਂਦਾ ਹੈ। ਗੁਰੂ ਪਰਮੇਸ਼ਰ ਦੇ ਭੈਅ-ਅਦਬ ਤੋਂ ਸੱਖਣੇ, ਮਨੁੱਖੀ ਕਦਰਾਂ-ਕੀਮਤਾਂ ਤੋਂ ਹੀਣੇ ਐਸੇ ਮਨੁੱਖ ਪਰਿਵਾਰਕ, ਸਮਾਜਿਕ, ਕੌਮੀ ਅਤੇ ਧਾਰਮਿਕ ਪੱਧਰ 'ਤੇ ਕਲੇਸ਼, ਦਵੈਸ਼, ਦੁਬਿਧਾ, ਉਪਦ੍ਰਵ ਫੈਲਾ ਕੇ ਆਪਣੇ ਚੁਗਿਰਦੇ ਜੀਵਾਂ ਦਾ ਜੀਵਨ ਵੀ ਨਰਕ ਬਣਾਉਣ ਵਿਚ ਕਸਰ ਨਹੀਂ ਛੱਡਦੇ।

ਆਓ! ਗੁਰਬਾਨੀ ਦੇ ਚਾਨਣ ਵਿਚ ਇਸ ਵਿਸ਼ੇ 'ਤੇ ਕੁਝ ਨੁਕਤਿਆਂ ਵੱਲ ਧਿਆਨ ਦੇਈਏ।

ਹਰ ਇਕ ਜੀਵ ਦੇ ਅੰਦਰ ਜੋ ਜੀਵਨ-ਸੱਤਾ ਭਾਵ ਜੋਤ ਹੈ, ਇਹ ਉਸ ਪਰੀਪੂਰਨ ਅਕਾਲ ਪੁਰਖ ਦੀ ਪਰਮ ਜੋਤ ਵਿਚੋਂ ਹੀ ਆਈ ਹੈ। ਹਰ ਇਕ ਮਨ-ਹਿਰਦਾ-ਅੰਤਹਕਰਣ ਅਸਲ ਵਿਚ ਜੋਤ-ਸਰੂਪ ਹੈ। ਪ੍ਰੰਤੂ ਮ੍ਰਿਤ-ਮੰਡਲ ਵਿਚ ਜਨਮ ਲੈਂਦੇ ਹੀ ਬੱਚਾ ਮਾਇਆ ਦੀ ਹਵਾ ਸਪਰਸ਼ ਹੋਣ ਸਾਰ ਆਪਣੇ ਮੂਲ ਪਰਮੇਸ਼ਰ ਨੂੰ ਭੁੱਲ ਜਾਂਦਾ ਹੈ। ਭਾਵ ਆਪਣੇ ਮੂਲ ਤੋਂ ਵਿਛੜ ਜਾਂਦਾ ਹੈ।

- **ਜੋਨਿ ਛਾਡਿ ਜਉ ਜਗ ਮਹਿ ਆਇਓ ॥**
**ਲਾਗਤ ਪਵਨ ਖਸਮੁ ਬਿਸਰਾਇਓ ॥੧॥** ( ॥੪॥੧॥੧੧॥੬੨॥) **(ਰਾਗੁ ਗਉੜੀ ਕਬੀਰ ਜੀ, ਅੰਗ: ੩੩੭)**

ਮੂਲ ਤੋਂ ਵਿਛੜਣ ਕਾਰਨ ਪੰਚ-ਦੂਤ ਇਸ ਨੂੰ ਘੇਰ ਲੈਂਦੇ ਹਨ, ਜਿਨ੍ਹਾਂ ਦੀ ਹਰ ਸੰਭਵ ਕੋਸ਼ਿਸ਼ ਹੁੰਦੀ ਹੈ ਕਿ ਜੀਵ ਹੁਣ ਪ੍ਰਭੂ ਨਾਲ ਮਿਲਾਪ ਨਾ ਕਰ ਸਕੇ।

- **ਪੰਚ ਦੂਤ ਮਿਲਿ ਪਿਰਹੁ ਵਿਛੋੜੀ॥ ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ॥੩॥** ( ॥੪॥੧੫॥) **(ਆਸਾ ਮ: ੫, ਅੰਗ: ੩੭੫)**

ਬਚਪਨ 'ਚੋਂ ਨਿਕਲ ਕੇ ਜਵਾਨ ਅਵਸਥਾ ਵੱਲ ਵਧਦਿਆਂ, ਇਨ੍ਹਾਂ ਪੰਚ ਦੁਸ਼ਟਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੀ ਰੰਗਤ ਕਾਰਨ ਜੀਵ ਅੰਦਰ ਬਹੁਤ ਸਾਰੀਆਂ ਭੈੜੀਆਂ ਵਾਦੀਆਂ ਆ ਡੇਰਾ ਲਗਾ ਲੈਂਦੀਆਂ ਹਨ, ਜਿਵੇਂ ਕਿ; ਨਿੰਦਾ, ਚੁਗਲੀ, ਕਾੜ੍ਹਾ, ਸਾੜਾ, ਦਵੈਸ਼, ਈਰਖਾ, ਫਿੱਕਾ ਬੋਲਣਾ ਆਦਿ। ਇਹ ਸਭ ਜ਼ਹਿਰ ਦੀ ਫੁਲਵਾੜੀ ਦਾ ਹਿੱਸਾ ਹਨ।

ਅੱਜ ਦਾ ਸਾਡਾ ਵਿਸ਼ਾ ਹੈ ਫਿੱਕਾ ਬੋਲਣਾ। ਹਰ ਇਕ ਜੀਵ ਕਿਸੇ ਨਾ ਕਿਸੇ ਪਰਿਵਾਰ ਵਿਚ ਜਨਮ ਲੈਂਦਾ ਹੈ, ਜਿੱਥੇ ਉਸ ਦੀ ਪਰਵਰਿਸ਼/ਪਾਲਣਾ ਹੁੰਦੀ ਹੈ। ਜਿੱਥੇ ਉਹ ਸਹਿਜੇ-ਸਹਿਜੇ ਬੋਲਣਾ, ਖਾਣਾ, ਪੀਣਾ, ਪਹਿਨਣਾ ਆਦਿ ਸਿੱਖਦਾ ਹੈ।

ਉਸ ਦੀਆਂ ਚੰਗੀਆਂ ਜਾਂ ਮੰਦੀਆਂ ਆਦਤਾਂ ਦੀ ਸ਼ੁਰੂਆਤ ਵੀ ਘਰੋਂ ਹੀ ਹੁੰਦੀ ਹੈ। ਆਪਣੇ ਮਾਂ-ਪਿਓ, ਵੱਡਿਆਂ ਨੂੰ ਵੇਖ-ਵੇਖ ਕੇ ਓਹੀ ਬੋਲੀ, ਵਿਹਾਰ ਅਤੇ ਰੁਚੀ ਧਾਰਨ ਕਰਦਾ ਹੈ। ਹਰ ਇਕ ਪਰਿਵਾਰ ਇਕ ਟੀਮ ਵਾਂਗ ਹੁੰਦਾ ਹੈ, ਜੋ ਪੂਰਬਲੇ ਜਨਮਾਂ ਦੇ ਸੰਜੋਗੀਆਂ ਨੂੰ ਮਿਲਾ ਕੇ ਪ੍ਰਭੂ ਨੇ ਸਾਜੀ/ ਬਣਾਈ ਹੈ। ਇਸ ਟੀਮ ਵਿਚ ਸਭ ਜੀਆਂ (ਮਾਂ-ਪਿਓ, ਪੁੱਤਰ-ਧੀ, ਸੱਸ-ਸਹੁਰਾ, ਨੂੰਹ, ਜਵਾਈ, ਜੇਠ, ਦਿਓਰ, ਜੇਠਾਣੀ, ਦੇਰਾਣੀ ਆਦਿ) ਨੇ ਆਪਣੀ-ਆਪਣੀ ਭੂਮਿਕਾ ਅਦਾ ਕਰਨੀ ਹੈ। ਹਰ ਜਗ੍ਹਾ ਕੁਦਰਤ ਵਲੋਂ 'ਸੀ.ਸੀ.ਟੀ.ਵੀ.' ਕੈਮਰੇ ਸੂਖਮ ਤੌਰ 'ਤੇ ਲੱਗੇ ਹੋਏ ਹਨ, ਜਿਨ੍ਹਾਂ ਰਾਹੀਂ ਸਭ ਜੀਆਂ ਦੀ ਹਰ ਵੇਲੇ ਗੁਪਤ ਨਜ਼ਰਸਾਨੀ ਹੋ ਰਹੀ ਹੈ।

- **ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ ॥੧॥ ਰਹਾਉ ॥** ( ॥੯॥੧੩॥੩੫॥) **(ਆਸਾ ਮ: ੩, ਅੰਗ: ੪੨੯)**
- **ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥** ( ॥੬॥੫॥੧੭॥) **(ਗਉੜੀ ਚੇਤੀ ਮ: ੧, ਅੰਗ: ੧੫੬)**

ਇਕ ਬਾਰੀਕ ਨੁਕਤਾ ਸਮਝੀਏ:

**ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥**
**ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥੧॥** ( ॥੪॥੧॥) **(ਜੈਤਸਰੀ ਮ: ੫ ਘਰੁ ੩, ਅੰਗ: ੭੦੦)**

ਬੇਸ਼ੱਕ ਮਰਨ ਉਪਰੰਤ ਤਾਂ ਇਨ੍ਹਾਂ ਵਿਚੋਂ ਕਿਸੇ ਨੇ ਵੀ ਸਾਥ ਨਹੀਂ ਦੇਣਾ, ਪਰ ਜੋ ਚੰਗਾ ਜਾਂ ਮੰਦਾ ਵਰਤੋਂ-ਵਿਹਾਰ ਇੱਥੇ ਮ੍ਰਿਤ-ਮੰਡਲ/ਪੇਕਿਆਂ ਵਿਚ ਕਰਦੇ ਹਾਂ, ਉਸ ਦਾ ਨਤੀਜਾ ਮੌਤ ਉਪਰੰਤ/ ਸਹੁਰਿਆਂ ਘਰ (ਅੱਗੇ) ਜਾ ਕੇ ਜ਼ਰੂਰ ਭੁਗਤਣਾ ਪੈਂਦਾ ਹੈ।

- **ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥**
**ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥੮॥੨॥** **(ਆਸਾ ਸੇਖ ਫਰੀਦ ਜੀਉ ਕੀ ਬਾਣੀ, ਅੰਗ: ੪੮੮)**

ਸਰੀਰ ਤਾਂ ਅਗਨ-ਭੇਟ ਹੋ ਗਏ ਪਰ ਜੋ ਉਲਾਂਭੇ- (ਮੰਦੇ ਕਰਮਾਂ ਦੇ) ਸਨ, ਉਹ ਰੂਹ ਨੂੰ ਭੁਗਤਣੇ ਪਏ।

- **ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥**
**ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥੨੦੦॥** **(ਸਲੋਕ ਭਗਤ ਕਬੀਰ ਜੀਉ ਕੇ, ਅੰਗ: ੧੩੭੫)**

ਕਿਸੇ ਵੀ ਖੇਡ ਨੂੰ ਜਿੱਤਣ ਲਈ ਜ਼ਰੂਰੀ ਹੈ ਕਿ ਟੀਮ ਮੈਂਬਰਾਂ ਵਿਚ ਇਤਫ਼ਾਕ, ਇਕਜੁਟਤਾ, ਪ੍ਰਸਪਰ ਪਿਆਰ ਹੋਵੇ। ਇਸੇ ਤਰ੍ਹਾਂ ਪਰਿਵਾਰ ਵੀ ਹੋਣ। ਜਦੋਂ ਅਸੀਂ ਆਪਣੇ-ਆਪਣੇ ਪਰਿਵਾਰਾਂ ਵਿਚ ਨਿਮਰਤਾ, ਪ੍ਰੇਮ-ਭਾਵ, ਮਿੱਠਾ ਬੋਲਣਾ, ਭੈਅ-ਅਦਬ ਸਹਿਤ ਰਹਾਂਗੇ ਤਾਂ ਹੀ ਪ੍ਰਭੂ ਭਗਤੀ ਵੱਲ ਕੁਝ ਜੁੜਾਂਗੇ।

ਜੋ ਜੀਵ ਵਾਹਿਗੁਰੂ ਜੀ ਦੀ ਭੈਅ-ਭਾਵਨੀ ਅੰਦਰ ਜੀਵਨ ਬਤੀਤ ਕਰਦਾ ਹੈ, ਕਦੇ ਵੀ ਕਿਸੇ ਨਾਲ ਨਾਜਾਇਜ਼ ਨਹੀਂ ਕਰਦਾ, ਕਦੇ ਵੀ ਆਪਣੇ ਪਰਿਵਾਰ ਜਾਂ ਸਮਾਜ ਦਾ ਦਿਲ ਨਹੀਂ ਦੁਖਾਉਂਦਾ, ਕਿੰਨੇ ਵਡਭਾਗੇ ਹਨ ਜੋ ਪੂਰੇ ਦੇ ਪੂਰੇ ਪਰਿਵਾਰ ਗੁਰੂ ਸਾਹਿਬ ਦੇ ਚਰਨੀਂ ਲੱਗੇ ਹਨ। ਪਰਿਵਾਰ ਦੇ ਸਾਰੇ ਜੀਆਂ ਦਾ ਝੁਕਾਅ ਇਸ ਪਾਸੇ ਨੂੰ ਹੋਵੇ। ਸਵੇਰੇ-ਸ਼ਾਮ ਇਕੱਠੇ ਬੈਠ ਕੇ ਨਿੱਤਨੇਮ-ਸਿਮਰਨ ਕਰਦੇ ਹੋਣ। ਬਸ ਬੈਕੁੰਠ ਹੈ। ਰਿਸ਼ਵਤ-ਨਾਜਾਇਜ਼ ਕਮਾਈ ਵੀ ਪਰਿਵਾਰ ਵਿਚ ਕਲੇਸ਼, ਫਿੱਕਾ ਵਾਪਾਰ ਤੇ ਹੋਰ ਬਹੁਤ ਗੰਭੀਰ ਵਿਗਾੜ ਪੈਦਾ ਕਰਨ ਲਈ ਜ਼ਿੰਮੇਵਾਰ ਹੈ। ਰੁੱਖੇ ਵਿਹਾਰ ਦਾ ਨਜ਼ਾਰਾ ਸਤਿਗੁਰੂ ਜੀ ਇਉਂ ਵੀ ਬਿਆਨ ਕਰਦੇ ਹਨ:

- **ਕਹਿਆ ਨ ਮਾਨਹਿ ਸਿਰਿ ਖਾਕੁ ਛਾਨਹਿ ਜਿਨ ਸੰਗਿ ਮਨੁ ਤਨੁ ਜਾਲਿਆ ॥...॥੩॥** ( ॥੪॥੨॥੩॥) **(ਜੈਤਸਰੀ ਛੰਤ ਮ: ੫, ਅੰਗ:**

੭੦੫)

ਜਿਨ੍ਹਾਂ ਪੁੱਤਰਾਂ-ਧੀਆਂ, ਸਬੰਧੀਆਂ ਲਈ ਆਪਣਾ ਸਰੀਰ ਤੇ ਮਨ (ਤ੍ਰਿਸ਼ਨਾ ਦੀ ਅੱਗ) ਵਿਚ ਸਾੜਿਆ (ਬੁਢਾਪੇ ਵਿਚ ਉਹ ਵੀ) ਸਿਰ ਉੱਤੇ ਸੁਆਹ ਪਾਉਂਦੇ ਹਨ, ਭਾਵ ਕਿਹਾ/ ਆਗਿਆ ਨਹੀਂ ਮੰਨਦੇ। ਜਿਨ੍ਹਾਂ ਅੰਦਰ ਦੈਵੀ ਗੁਣ; ਸੰਤੋਖ, ਧੀਰਜ ਆਦਿ ਨਹੀਂ ਪ੍ਰਗਟੇ, ਉਨ੍ਹਾਂ ਨੂੰ ਇਹ ਅਹਿਸਾਸ ਹੀ ਨਹੀਂ ਰਹਿੰਦਾ ਕਿ ਕਦੋਂ ਆਪਣੇ ਵੱਡਿਆਂ ਜਾਂ ਛੋਟਿਆਂ ਦਾ ਤ੍ਰਿਸਕਾਰ ਕਰ ਜਾਂਦੇ ਹਨ। ਰੁੱਖੇ ਵਿਹਾਰ ਦਾ ਪ੍ਰਤੀਕਰਮ ਵੀ ਅਕਸਰ ਰੁੱਖਾ ਹੋਣ ਕਰਕੇ ਘਰੇਲੂ ਝਗੜੇ ਕਲੇਸ਼ ਦਾ ਰੂਪ ਧਾਰਨ ਕਰ ਜਾਂਦੇ ਹਨ। ਜੇਕਰ ਸਾਨੂੰ ਗੁਰਬਾਣੀ ਦੇ ਚਾਨਣ ਵਿਚ ਮਿੱਠਾ ਬੋਲਣ, ਨਿਵ ਚੱਲਣ, ਪ੍ਰਸਪਰ ਪਿਆਰ ਇਤਫ਼ਾਕ, ਮਿਲਵਰਤਨ, ਪਰਉਪਕਾਰ, ਸੇਵਾ-ਭਾਵ, ਦਇਆ, ਖਿਮਾ, ਖਵਣ ਗੁਣ ਆਦਿ ਦੈਵੀ ਗੁਣਾਂ ਦੀਆਂ ਕਦਰਾਂ-ਕੀਮਤਾਂ ਦੀ ਸੋਝੀ ਪੈ ਜਾਵੇ; ਫਿੱਕਾ ਬੋਲਣ, ਰੁੱਖਾ ਵਰਤੋਂ-ਵਿਹਾਰ, ਸਵਾਰਥ, ਚਲਾਕੀ, ਧੋਖਾ, ਨਿੰਦਾ, ਦਵੈਸ਼, ਚੁਗ਼ਲੀ, ਬੇਇਮਾਨੀ, ਨਫ਼ਰਤ, ਹੰਕਾਰ, ਅਕ੍ਰਿਤਘਣਤਾ ਆਦਿ ਜ਼ਹਿਰੀਲੇ ਵਿਸਫੋਟਕਾਂ ਦੇ ਨੁਕਸਾਨ ਪਤਾ ਲੱਗ ਜਾਣ ਤਾਂ ਸਾਵਧਾਨ ਹੋ ਕੇ ਗੁਰੂ ਸਾਹਿਬ ਦੇ ਉਪਦੇਸ਼ ਨੂੰ ਮੰਨਦਿਆਂ ਆਪਣਾ ਅਤੇ ਆਪਣੇ ਸਾਥੀਆਂ ਦਾ ਜੀਵਨ ਸੁਖੀ ਕਰ ਸਕਦੇ ਹਾਂ।

ਪਾਵਨ ਗੁਰਬਾਣੀ ਅੰਦਰ ਫਿੱਕਾ ਬੋਲਣ-ਵਰਤਣ, ਦੂਜਿਆਂ ਦਾ ਦਿਲ ਦੁਖਾਉਣ, ਕ੍ਰੋਧ ਕਰਨ, ਮੇਰ-ਤੇਰ ਕਰਨ ਆਦਿ ਕੁਕਰਮਾਂ ਤੋਂ ਬਚਣ ਲਈ ਸਖ਼ਤ ਤਾੜਨਾ ਕੀਤੀ ਗਈ ਹੈ। ਕੁਝ ਕੁ ਗੁਰਵਾਕ ਇਉਂ ਹਨ:

• **ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥**
**ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥੧੨੯॥** (ਸਲੋਕ ਸੇਖ ਫਰੀਦ ਕੇ, ਅੰਗ: ੧੩੮੪)

• **ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥੧੩੦॥** (ਸਲੋਕ ਸੇਖ ਫਰੀਦ ਕੇ, ਅੰਗ: ੧੩੮੪)

• **ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥੭੫॥** (ਸਲੋਕ ਸੇਖ ਫਰੀਦ ਕੇ, ਅੰਗ: ੧੩੮੧)

• **ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥**
**ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥੭੮॥** (ਸਲੋਕ ਸੇਖ ਫਰੀਦ ਕੇ, ਅੰਗ: ੧੩੮੧)

• **ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥...॥੩॥** (॥੪॥੪॥) (ਸਿਰੀਰਾਗੁ ਮ: ੧, ਅੰਗ: ੧੫)

• **ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ॥੧॥** (॥੮॥੮॥੩੦॥) (ਆਸਾ ਮ: ੩, ਅੰਗ: ੪੨੬)

• **ਮਤਿ ਅਲੂਣੀ ਫਿਕਾ ਸਾਦੁ॥...॥੩॥੩੨॥** (ਸਿਰੀਰਾਗੁ ਮ: ੧ ਘਰੁ ੪, ਅੰਗ: ੨੫)

• **ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ॥...॥੩॥** (ਮਾਰੂ ਵਾਰ ਮ: ੫, ਡਖਣੇ ਮ: ੫, ਅੰਗ: ੧੦੯੫)

(ਭਾਵ: ਕੀ ਬੋਲ ਰਿਹਾ ਹੈਂ, ਜੰਗਲੀ, ਮੂਰਖ, ਗਵਾਰਾਂ ਵਾਂਗ, ਪਰਾਈ ਇਸਤ੍ਰੀ ਵੱਲ (ਬੁਰੀ) ਨਜ਼ਰ ਨਾ ਰੱਖ।)

• **ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥**
**ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥**
**ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥**
**ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥੧॥**
(ਆਸਾ ਦੀ ਵਾਰ, ਸਲੋਕੁ ਮ:੧, ਅੰਗ: ੪੭੩)

• **ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ॥੩॥** (॥੪॥੫॥੬੯॥) (ਸਿਰੀਰਾਗੁ ਮ: ੪, ਅੰਗ: ੪੧)

• **ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ॥੩॥** (॥੪॥੨॥੬੬॥) (ਸਿਰੀਰਾਗੁ ਮ: ੪, ਅੰਗ: ੪੦)

• **ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥...॥੧॥** (ਗਉੜੀ ਕੀ ਵਾਰ, ਸਲੋਕ ਮ: ੪, ਅੰਗ: ੩੦੮) (ਪੂਰਾ ਸ਼ਬਦ)

• **ਬਿਰਖੈ ਹੇਠਿ ਸਭਿ ਜੰਤ ਇਕਠੇ॥ ਇਕਿ ਤਤੇ ਇਕਿ ਬੋਲਨਿ ਮਿਠੇ॥**
**ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ॥੧॥**
**ਪਾਪ ਕਰੇਦੜ ਸਰਪਰ ਮੁਠੇ॥ ਅਜਰਾਈਲਿ ਫੜੇ ਫੜਿ ਕੁਠੇ॥**
**ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ॥੨॥** (॥੮॥੨॥੮॥੧੨॥੨੦॥) (ਮਾਰੂ ਮ: ੫, ਅੰਗ: ੧੦੧੯)

• **ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥**
**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥...॥੧॥** (ਆਸਾ ਦੀ ਵਾਰ, ਸਲੋਕੁ ਮ: ੧, ਅੰਗ: ੪੭੦)

• **ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ॥੮॥** (ਭਾਈ ਗੁਰਦਾਸ ਜੀ, ਵਾਰ ੩੫, ਪਉੜੀ: ੮)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਅਤੇ ਭਾਈ ਸਾਹਿਬ ਗੁਰਦਾਸ ਜੀ ਦੀਆਂ ਵਾਰਾਂ ਵਿਚ ਕਈ ਥਾਈਂ ਮਿੱਠਾ-ਬੋਲਣ, ਨਿਵ ਚੱਲਣ, ਪਰਉਪਕਾਰ ਕਮਾਉਣ, ਵੈਰੀ-ਮਿੱਤਰ ਸਮਾਨ, ਗੁਰਸਿੱਖਾਂ ਪ੍ਰਤੀ ਤਾਂਘ ਆਦਿ ਦੈਵੀ ਗੁਣਾਂ ਨੂੰ ਧਾਰਨ ਹਿੱਤ ਉਪਦੇਸ਼ ਹਨ, ਜਿਵੇਂ ਕਿ:

• **ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ॥**
**ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥...॥੨॥** (॥੪॥੧੦॥) (ਸਿਰੀਰਾਗੁ ਮ:੧, ਅੰਗ: ੧੭)

• **ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ॥**
**ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ॥** (ਭਾਈ ਗੁਰਦਾਸ ਜੀ, ਵਾਰ ੨੮, ਪਉੜੀ ੧੫)

• **ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥੧੨੭॥** (ਸਲੋਕ ਸੇਖ ਫਰੀਦ ਕੇ, ਅੰਗ: ੧੩੮੪)

• **ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥**
**ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥**
**ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ॥...॥੧॥** (॥੪॥੧॥੧੧॥) (ਰਾਗੁ ਸੂਹੀ ਮ: ੫ ਛੰਤ, ਅੰਗ: ੭੮੪)

• **ਗੁਰਸਿਖ ਮਿਠਾ ਬੋਲਣਾ ਨਿਵਿ ਚਲਣਾ ਗੁਰਸਿਖੁ ਪਰਵਾਣਾ॥** (ਭਾਈ ਗੁਰਦਾਸ ਜੀ, ਵਾਰ ੩੨, ਪਉੜੀ ੧)

• **ਮਿਠਾ ਬੋਲਣੁ ਨਿਵ ਚਲਣੁ ਗੁਰਮੁਖਿ ਭਾਉ ਭਗਤਿ ਅਰਥੇਉ॥** (ਭਾਈ ਗੁਰਦਾਸ ਜੀ, ਵਾਰ ੨੪, ਪਉੜੀ: ੨)

**• ਨਾਮ ਦਾਨੁ ਇਸਨਾਨੁ ਦ੍ਰਿੜ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ॥**
**ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇਣਾ ਸਹਜ ਸੁਹੇਲਾ॥ (ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੧੬)**

**• ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰ ਧਾਰਿ॥**
**ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ॥...॥੨॥ (॥੪॥੧੩॥੪੬॥) (ਸਿਰੀਰਾਗੁ ਮਃ ੩, ਅੰਗ: ੩੧)**

**• ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥...॥੧॥ (ਆਸਾ ਦੀ ਵਾਰ, ਸਲੋਕੁ ਮਃ ੧, ਅੰਗ: ੪੭੦ )**

**• ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥੯॥੨੯॥ (ਤ੍ਵਪ੍ਰਸਾਦਿ ਸ੍ਵਯੇ, ਪਾ: ੧੦)**

**• ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥**
**ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥੩॥ (॥੪॥੩॥) (ਧਨਾਸਰੀ ਮਃ ੫, ਅੰਗ: ੬੭੧)**

**• ਗੁਰਮੁਖਿ ਵੈਰ ਵਿਰੋਧ ਗਵਾਵੈ॥ ਗੁਰਮੁਖਿ ਸਗਲੀ ਗਣਤ ਮਿਟਾਵੈ॥...॥੩੭॥ (॥੩੮॥) (ਰਾਮਕਲੀ ਮਃ ੧ ਸਿਧ ਗੋਸਟਿ, ਅੰਗ: ੯੪੨)**

ਜੇਕਰ ਘਰੇਲੂ- ਪਰਿਵਾਰਕ ਰੰਜਿਸ਼, ਕਲੇਸ਼, ਤਨਾ-ਤਣੀ ਵਿਚ ਹੀ ਮਾਨਸਿਕ ਸ਼ਾਂਤੀ, ਟਿਕਾਅ ਗੁਆ ਬੈਠੇ ਤਾਂ ਪਰਮਾਰਥਕ ਤਲ 'ਤੇ ਜੋ ਸੰਘਰਸ਼ ਕਰਨਾ ਸੀ (ਜੋ ਜੀਵਨ ਦਾ ਅਸਲੀ ਮਨੋਰਥ ਹੈ) ਉਹ ਨਹੀਂ ਕਰ ਸਕਾਂਗੇ। ਕਰਨਾ ਤਾਂ ਕੁਝ ਇਹ ਸੀ:

**• ਮਨ ਸਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ॥...॥੪॥੧੬॥ (ਆਸਾ ਮਃ੧, ਅੰਗ: ੩੫੩)**

**• ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥...॥੩੨॥ (॥੪੫॥) (ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ, ਅੰਗ: ੩੪੨)**

ਆਪਣੇ ਪਰਿਵਾਰ, ਸਬੰਧੀਆਂ, ਮਿੱਤਰਾਂ ਜਾਂ ਸਮਾਜਿਕ/ ਵਪਾਰਕ ਅਦਾਰਿਆਂ ਨਾਲ ਵਰਤਦਿਆਂ ਇਹ ਵੀ ਧਿਆਨ ਰੱਖਣ ਦੀ ਲੋੜ ਹੈ ਕਿ ਇਮਾਨਦਾਰੀ, ਸ਼ਰਧਾ, ਮਿਲਵਰਤਨ ਰਾਹੀਂ ਆਪਣੇ ਫ਼ਰਜ਼ ਨਿਭਾਈਏ। ਪਰ ਜੇ ਕਿਸੇ ਦਾ ਲੂਣ ਖਾਧਾ ਹੈ ਤਾਂ ਵੀ ਉਸ ਦੇ ਕਿਸੇ ਨਾਜਾਇਜ਼ ਕੰਮ ਵਿਚ ਸਾਥ ਨਾ ਦੇਈਏ। ਕੁਟੰਬ ਨੂੰ ਪਾਲਦਿਆਂ ਵਾਰ-ਵਾਰ ਮਨ ਵਿਚ ਨਿਰੂਪਨ ਕਰੀਏ:

**• ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥...॥੧੧॥ (॥੪੦॥੧॥) (ਰਾਮਕਲੀ ਮਃ ੩ ਅਨੰਦੁ, ਅੰਗ: ੯੧੮)**

ਫ਼ਰਜ਼ ਨਿਭਾਉਂਦਿਆਂ, ਸ਼ਾਂਤਮਈ ਨਿਮਰ ਸੁਭਾਅ ਰੱਖਦਿਆਂ, ਭਲਾਈ ਕਰਦਿਆਂ ਪ੍ਰਭੂ ਪ੍ਰੇਮ ਨੂੰ ਹੀ ਚਿੱਤ ਵਿਚ ਵਸਾਉਂਦਿਆਂ, ਮੋਹ ਤੋਂ ਅਲੇਪ ਰਹਿਣ ਦੀ ਜੁਗਤੀ ਅਪਨਾਉਣ ਵਿਚ ਗ੍ਰਿਹਸਤੀ ਜੀਵਨ ਸੁਰੱਖਿਅਤ ਹੈ।

## ਖਵਣ ਗੁਣ

ਆਪਣੇ ਜੀਵਨ ਕਾਲ ਵਿਚ ਕਿਸੇ ਮਿੱਤਰ ਨਾਲ ਕਿਸੇ ਵਿਸ਼ੇ 'ਤੇ ਫਰਕ ਰਹੇ ਹੋਣ, ਕੋਸ਼ਿਸ਼ ਕਰਕੇ (ਜੇ ਹੋ ਸਕੇ) ਸਮਝਾ ਬੁਝਾ ਕੇ ਉਹ ਸ਼ਿਕਵੇ, ਗਿਲੇ, ਫਰਕ ਮਿਟਾ ਲਏ ਜਾਣ, ਜਿਉਂਦੇ ਜੀਅ ਕਈ ਵਾਰੀ ਦੋ ਚੰਗੇ ਇਨਸਾਨਾਂ ਵਿਚ ਵੀ ਵਿਚਾਰਾਂ ਦਾ ਟਕਰਾਅ ਆ ਜਾਂਦਾ ਹੈ। ਨਾ ਚਾਹੁੰਦੇ ਹੋਏ ਵੀ ਕਿਸੇ ਦਾ ਦਿਲ ਦੁਖ ਜਾਂਦਾ ਹੈ। ਜੇ ਦੋਵੇਂ ਪਾਸੇ ਭੈਅ-ਭਾਵਨੀ ਵਾਲੇ ਇਨਸਾਨ ਹੋਣ, ਗਲੇ ਮਿਲਣ ਵਿਚ ਦੇਰ ਨਹੀਂ ਲਗਦੀ। ਨਹੀਂ ਤਾਂ ਮਰਨ ਉਪਰੰਤ ਇਸ ਦਾ ਭਾਰੀ ਖ਼ਮਿਆਜ਼ਾ ਭੁਗਤਣਾ ਪੈ ਸਕਦਾ ਹੈ।

**• ਮਾਨ ਮੋਹ ਮੇਰ ਤੇਰ ਬਿਬਰਜਿਤ ਏਹੁ ਮਾਰਗੁ ਖੰਡੇ ਧਾਰ॥੩॥ (॥੪॥੧॥੩੧॥) (ਰਾਗੁ ਦੇਵਗੰਧਾਰੀ ਮਃ੫, ਅੰਗ: ੫੩੪)**

ਜੇਕਰ ਟਕਰਾਅ ਦਾ ਵਿਸ਼ਾ ਗੁਰਮਤਿ ਸਿਧਾਂਤ ਤੋਂ ਉਲਟ ਹੋਵੇ ਤਾਂ ਵਿਰੋਧੀ ਧਿਰ ਨੂੰ ਨਹੀਂ ਮਨਾਉਣਾ। ਭਗਤਿ-ਭਾਵ ਤੋਂ ਹੀਣੇ, ਦੁਬਿਧਾ-ਦੁਚਿੱਤੀ, ਸੁਆਰਥ ਤੇ ਭਰਾ-ਮਾਰੂ ਜੰਗ ਵਿਚ ਫਸੇ ਕੁਝ ਪ੍ਰਚਾਰਕ ਪੰਥਕ ਪੱਧਰ 'ਤੇ ਗੁਰਮਤਿ ਮਰਯਾਦਾ/ ਅਸੂਲਾਂ ਦੇ ਖ਼ਿਲਾਫ਼ ਨਿੱਤ ਬੇਲੋੜੇ-ਰੁੱਖੇ ਵਿਵਾਦ ਖੜ੍ਹੇ ਕਰਕੇ ਧਾਰਮਿਕ ਜਗਿਆਸੂਆਂ ਦੇ ਹਿਰਦਿਆਂ ਨੂੰ ਠੇਸ ਪਹੁੰਚਾਉਂਦੇ ਹਨ।

**• ਵੇਦ ਪੜਹਿ ਤੈ ਵਾਦ ਵਖਾਣਹਿ ਬਿਨੁ ਹਰਿ ਪਤਿ ਗਵਾਈ॥...॥੭॥ (॥੮॥੧॥) (ਸੋਰਠਿ ਮਃ ੩ ਘਰੁ ੧ ਤਿਤੁਕੀ, ਅੰਗ: ੬੩੮)**

ਜਾਣ-ਬੁਝ ਕੇ, ਗੁੰਜਾਇਸ਼ ਹੁੰਦਿਆਂ ਵੀ ਕਿਸੇ ਦੀ ਰਕਮ ਜਾਂ ਅਮਾਨਤ ਆਪਣੇ ਕੋਲ ਰੋਕ ਰੱਖਣੀ ਜਾਂ ਦੂਜੇ ਨੂੰ ਡਰਾ ਧਮਕਾ ਕੇ, ਛਲ ਨਾਲ, ਆਪਣੇ ਗਲਤ ਸੁਆਰਥ ਲਈ ਦੁਬਿਧਾ ਵਿਚ ਰੱਖਣਾ ਵੀ ਦੁਖ ਦੇਣ ਜਾਂ ਦਿਲ ਦੁਖਾਉਣ ਦੀ ਪ੍ਰੀਭਾਸ਼ਾ ਵਿਚ ਆਉਂਦੇ ਹਨ।

**• ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ॥...॥੧॥ (ਸਾਰੰਗ ਕੀ ਵਾਰ, ਸਲੋਕ ਮਃ ੩, ਅੰਗ: ੧੨੪੯)**

ਚੰਗਾ ਇਨਸਾਨ ਉਹ ਹੈ ਜੋ ਆਪਣੇ ਮਿੱਤਰ ਨੂੰ ਮਿਲ ਰਹੀ ਵਡਿਆਈ, ਤਰੱਕੀ ਨੂੰ ਵੇਖ ਕੇ ਖ਼ੁਸ਼ ਹੁੰਦਾ ਹੈ:

**• ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ॥...॥੪॥ (॥੬॥੧॥) (ਰਾਮਕਲੀ ਸਦੁ, ਅੰਗ: ੯੨੩)**

ਕਿੰਨਾ ਚੰਗਾ ਹੋਵੇ ਜੇ ਅਸੀਂ ਆਪਣੇ ਪਰਿਵਾਰ ਦੇ ਜੀਆਂ ਨੂੰ ਵੀ ਸਤਿ ਸੰਗਤ ਸਮਝ ਕੇ, ਘਰ ਦੀ ਰਸੋਈ ਨੂੰ ਗੁਰੂ ਕਾ ਲੰਗਰ ਸਮਝ ਕੇ ਗੁਰੂ ਘਰ ਵਾਂਗ ਪ੍ਰੇਮ, ਸ਼ਰਧਾ, ਇਤਫ਼ਾਕ, ਮਿਲਵਰਤਨ ਨਾਲ ਰਹਿੰਦੇ ਹੋਏ ਇਕ ਦੂਜੇ ਦੀ ਆਤਮਾ ਨੂੰ ਸਕੂਨ-ਸੁਖ-ਤ੍ਰਿਪਤੀ ਦੇਈਏ।

ਜੇਕਰ ਘਰ ਦੀ ਰਸੋਈ ਨੂੰ ਗੁਰੂ ਘਰ ਦਾ ਲੰਗਰ ਅਸਥਾਨ ਸਮਝ ਲਿਆ ਜਾਵੇ ਤਾਂ ਪਰਿਵਾਰ ਦੇ ਜੀਆਂ ਦੀ ਕੰਮ ਕਰਨ ਪਿੱਛੇ ਹੋਣ ਵਾਲੀ ਤਨਾ-ਤਣੀ, ਕਲੇਸ਼ ਖ਼ਤਮ ਹੋ ਜਾਵੇ। ਗੁਰਦੁਆਰੇ ਸਾਹਿਬ ਵਿਚ ਤਿਆਰ ਹੋਇਆ ਲੰਗਰ ਪ੍ਰਸਾਦ ਸਮਝ ਕੇ ਛਕਿਆ ਜਾਂਦਾ ਹੈ ਕਿਉਂਕਿ ਅਕਸਰ ਸੰਗਤਾਂ ਵਲੋਂ ਜਾਪ ਕਰਦਿਆਂ ਸ਼ਰਧਾ ਨਾਲ ਤਿਆਰ ਕੀਤਾ ਹੁੰਦਾ ਹੈ। ਲੰਗਰ ਛਕ ਕੇ ਚਿੱਤ ਦੇ ਸ਼ਾਂਤ-ਤ੍ਰਿਪਤ ਹੋਣ ਪਿੱਛੇ ਇਹੀ ਗੁਹਜ ਕਲਾ ਕੰਮ ਕਰਦੀ ਹੈ। ਸੇਵਾ ਕਰਨ ਵਾਲੀਆਂ ਬੀਬੀਆਂ ਦੀ ਸ਼ਰਧਾ-ਭਾਵਨੀ, ਸਿਮਰਨ ਵਿਚ ਤ੍ਰਿਬੁਡ/ ਭਿੱਜੀ ਸੁਰਤ ਦੀਆਂ ਲਹਿਰਾਂ ਭੋਜਨ ਵਿਚ ਆ ਸਮਾਉਂਦੀਆਂ ਹਨ। ਛਕਣਹਾਰਾ ਆਪ ਮੁਹਾਰੇ 'ਵਾਹਿਗੁਰੂ ਵਾਹਿਗੁਰੂ' ਉਚਾਰਨ ਲੱਗ ਜਾਂਦਾ ਹੈ।

ਸੋ ਜੇਕਰ ਘਰ ਦੀ ਰਸੋਈ ਨੂੰ ਗੁਰੂ ਕਾ ਲੰਗਰ ਸਮਝ ਲਿਆ ਜਾਵੇ, ਕਾਫ਼ੀ ਹੱਦ ਤੱਕ ਕਲੇਸ਼, ਝਗੜੇ ਖ਼ਤਮ ਹੋ ਜਾਣ। ਛਕਣ ਉਪਰੰਤ ਫਿੱਕਾ ਬੋਲਣ ਦੀ ਬਜਾਇ ਨਿਮਰਤਾ ਭਰੀਆਂ ਲਹਿਰਾਂ ਦਾ ਅਨੰਦ ਮਾਨਣ, ਕਾਸ਼! ਕਿ ਐਸਾ ਹੋ ਜਾਵੇ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਕਾਲ ਵਿਚ ਹੋਈ ਇਕ ਘਟਨਾ

ਦਾਸ ਨੂੰ ਉਨ੍ਹਾਂ ਦੇ ਇਕ ਨਿਕਟਵਰਤੀ ਰਹੇ ਗੁਰਮੁਖ ਸਿੰਘ ਨੇ ਸੁਣਾਈ। ਇਕ ਗੁਰਮੁਖ ਬੀਬੀ ਨੇ ਪ੍ਰਸਾਦਾ ਛਕਾਉਣ ਲਈ ਪੰਜ ਗੁਰਸਿੱਖਾਂ ਨੂੰ ਆਪਣੇ ਘਰ ਸੱਦਿਆ। ਜਦੋਂ ਬੇਨਤੀ ਕਰਕੇ ਆਰੰਭ ਕਰਨ ਲੱਗੇ, ਜਿਸ ਸਿੰਘ ਦੇ ਮੁਖ ਵਿਚ ਬੁਰਕੀ ਸਭ ਤੋਂ ਪਹਿਲਾਂ ਚਲੀ ਗਈ, ਉਸ ਦਾ ਇਕ ਦਮ ਸਿਮਰਨ-ਅਭਿਆਸ ਵਾਹੋ-ਦਾਹੀ ਚੱਲ ਪਿਆ। ਉਸ ਨੂੰ ਵੇਖਦੇ ਹੀ ਬਾਕੀ ਚਾਰਾਂ ਸਿੰਘਾਂ ਦਾ ਨਾਮ-ਅਭਿਆਸ, ਅਤੁੱਟ, ਅਦੁੱਤੀ, ਚਲੂਲੇ ਰੰਗਾਂ ਵਿਚ ਕਾਫ਼ੀ ਸਮਾਂ ਹੋਇਆ। ਨਾਮ ਦੀਆਂ ਗੂੰਜਾਰਾਂ, ਵਜਦ ਭਰੇ ਸਾਸ-ਗਿਰਾਸੀ ਫਰਾਟੇ, ਹਿਰਦਿਆਂ ਨੂੰ ਚੀਰਦਿਆਂ ਅੰਮ੍ਰਿਤ ਨਾਮ ਦੀਆਂ ਗਗਨੰਤਰੋਂ ਚੁਆਂਦੀਆਂ ਫੁਹਾਰਾਂ, ਸਭ ਲੋਟ-ਪੋਟ ਹੋ ਗਏ। ਐਸੀ ਕ੍ਰਿਸ਼ਮੀ ਕਲਾ ਵਰਤੀ ਕਿ ਬੇਸੁਧ ਹੋਇਆਂ ਕਾਫ਼ੀ ਸਮਾਂ ਬੀਤ ਗਿਆ। ਜਦੋਂ ਹੋਸ਼ ਆਈ ਤਾਂ ਅਧਮੀਟੇ ਰੰਗਲੇ ਨੈਣਾਂ ਨਾਲ ਅਲਮਸਤ ਮਤਵਾਰੇ ਗੁਰਮੁਖਾਂ ਨੇ ਉਹ ਪਾਰਸ-ਕਲਾ-ਸੰਯੁਕਤ ਭੋਜਨ ਪ੍ਰਸਾਦ ਛਕਿਆ। ਐਸਾ ਕੀ ਇਸ ਭੋਜਨ ਵਿਚ ਤੂੰ ਪਾਇਆ ਕਿ ਇਹ ਅਨੋਖੀ ਖੇਡ ਆਨ ਵਰਤੀ ? ਸਿੰਘਾਂ ਦੇ ਪੁੱਛਣ ’ਤੇ ਬੀਬੀ ਨੇ ਬਹੁਤ ਨਿਮਰਤਾ ਵਿਚ ਨੈਣ-ਪੁਲਕ੍ਰਿਤ ਹੋ ਕੇ ਅਧੀਨਗੀ ਨਾਲ ਦੱਸਿਆ ਕਿ ਉਸ ਨੇ ਹੱਥ ਨਾਲ ਚੱਕੀ ਪੀਹਣ ਵੇਲੇ ਕਣਕ ਦੇ ਹਰ ਇਕ ਦਾਣੇ ਨੂੰ ‘ਵਾਹਿਗੁਰੂ’ ਉਚਾਰ ਕੇ ਪਾਇਆ, ਇਸੇ ਤਰ੍ਹਾਂ ਜੋ ਵੀ ਦਾਲਾਂ ਬਣਾਈਆਂ, ਪਹਿਲਾਂ ਹਰ ਇਕ ਦਾਣੇ ਨੂੰ ਲੈ ਕੇ ‘ਵਾਹਿਗੁਰੂ-ਵਾਹਿਗੁਰੂ’ ਆਖਿਆ। ਪ੍ਰਸਾਦੇ ਤਿਆਰ ਕਰਦਿਆਂ ਗੁਰਬਾਣੀ ਦਾ ਪਾਠ ਤੇ ਸਿਮਰਨ ਜਾਰੀ ਰੱਖਿਆ।

ਅੱਜ ਸਾਡੇ ਪ੍ਰਸਾਦਿਆਂ ਵਿਚ ਜੋ ਲਹਿਰਾਂ ਭਰਪੂਰ ਮਾਤਰਾ ਵਿਚ ਹੁੰਦੀਆਂ ਹਨ, ਉਹ ਹਨ ‘ਵਟਸਐਪ’ ਦੇ ਸੰਦੇਸ਼, ਬਿਸਤਰ ਵਿਚੋਂ ਦੇਰ ਨਾਲ ਉੱਠੇ ਹੋਣ ਕਾਰਨ ਸੈਕਿੰਡਾਂ ਵਿਚ ਭੋਜਨ ਦਾ ਤਿਆਰ ਹੋਣਾ, ਪੂਰੀ ਹਬੜ-ਦਬੜ, ਦੌੜ ਭੱਜ ਵਿਚ। ਹਰ ਕੰਮ ਬਹੁਤ ਤੇਜ਼ੀ ਨਾਲ ਨਿਬੇੜਨ ਦੀ ਹੋੜ ਵਿਚ ਫਿੱਕੇ ਬੋਲ, ਈਰਖਾ, ਦਵੈਸ਼, ਕਲੇਸ਼ ਆਦਿ। ਇਸ ਤਰ੍ਹਾਂ ਦਾ ਭੋਜਨ ਛਕ ਕੇ ਉਹੀ ਸੰਸਕਾਰ, ਲਹਿਰਾਂ ਪ੍ਰਫੁਲਤ ਹੋਣਗੀਆਂ। ਬਹੁਤ ਸਾਰੇ ਲੋਕ ਇਸ਼ਨਾਨ ਵੀ ਸ਼ਾਮ ਨੂੰ ਹੀ ਕਰਦੇ ਹਨ ਤੇ ਉਹ ਵੀ ਹਰ ਰੋਜ਼ ਨਹੀਂ। ਭਜਨ-ਸਿਮਰਨ ਦੀਆਂ ਲਹਿਰਾਂ ਤਾਂ ਖ਼ਬਰੇ ਕਿੱਧਰ ਗਈਆਂ।

ਸੰਸਾਰ ਭਰ ਵਿਚ ਬਹੁਤ ਥੋੜ੍ਹੇ ਅਜਿਹੇ ਸੱਭਿਅਕ ਤੇ ਅਨੁਸ਼ਾਸਨਬੱਧ ਪਰਿਵਾਰ ਹੋਣਗੇ, ਜਿੱਥੇ ਨਿਮਰਤਾ, ਮਿੱਠਾ ਬੋਲਣ, ਪ੍ਰਸਪਰ ਪ੍ਰੇਮ, ਸ਼ਰਧਾ ਦਾ ਵਰਤਾਓ ਹੋਣ ਕਰਕੇ ਬੰਦਗੀ ਲਈ ਉਚਿਤ ਮਾਹੌਲ ਹੈ ਨਹੀਂ ਤਾਂ:

**ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥੮੧॥ (ਸਲੋਕ ਸੇਖ ਫਰੀਦ ਕੇ, ਅੰਗ: ੧੩੮੨)**

ਸਤਿਗੁਰੂ ਜੀ ਦੀ ਰਹਿਮਤ ਸਦਕਾ ਇਸ ਨਿਮਾਣੇ ਜਿਹੇ ਉਪਰਾਲੇ ਰਾਹੀਂ ਦਾਸਰੇ ਨੇ ਇਹ ਹੋਕਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਫਿੱਕਾ ਬੋਲਣਾ, ਦਿਲ ਦੁਖਾਉਣਾ, ਬਦਤਮੀਜ਼ੀ ਨਾਲ ਪੇਸ਼ ਆਉਣਾ ਆਦਿ ਅਸੱਭਿਅਕ ਘਿਨਾਉਣੇ ਕਰਮ, ਸਾਡੇ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ, ਦੇਸ਼-ਵਿਦੇਸ਼ਾਂ ਵਿਚ ਪਰਿਵਾਰਾਂ ਦੇ ਪਰਿਵਾਰ ਇਸ ਦੀ ਲਪੇਟ ਵਿਚ ਆ ਰਹੇ ਹਨ। ਬੱਚਿਆਂ ਦੇ ਰਿਸ਼ਤੇ-ਵਿਆਹ ਵੱਡੀ ਗਿਣਤੀ ਵਿਚ ‘ਤਲਾਕ’ ਰਾਹੀਂ ਖ਼ਤਮ ਹੋ ਰਹੇ ਹਨ। ਆਪਸੀ ਵਿਸ਼ਵਾਸ ਘਟਣ ਕਾਰਨ ਕਲੇਸ਼, ਝਗੜੇ, ਵਧਦੇ ਹੀ ਜਾ ਰਹੇ ਹਨ। ਐਸੇ ਦੁੱਖ-ਕਲੇਸ਼ਾਂ ਕਾਰਨ ਬੰਦਗੀ ਵਿਚ ਤਾਂ ਅਸੀਂ ਬਹੁਤ ਹੀ ਪਛੜਦੇ ਜਾ ਰਹੇ ਹਾਂ।

ਜਿਨ੍ਹਾਂ ਨੂੰ ਗੁਰਬਾਣੀ ਪ੍ਰਤੀ ਸ਼ਰਧਾ ਹੈ, ਉਹ ਸੱਜਣ ਉਪਰੋਕਤ ਗੁਰਵਾਕਾਂ ਦੀ ਰੌਸ਼ਨੀ ਵਿਚ ਪ੍ਰਗਟਾਏ ਵਿਚਾਰਾਂ ਨੂੰ ਪੜ੍ਹ-ਸੁਣ ਕੇ, ਸਵੈ-ਪੜਚੋਲ ਜ਼ਰੂਰ ਕਰਨ। ਆਪਣੇ ਦਾਇਰੇ ਵਿਚ ਆਉਂਦੇ ਮਿੱਤਰਾਂ, ਸਾਕ-ਸਬੰਧੀਆਂ ਤੱਕ ਇਹ ਸੰਦੇਸ਼ ਜ਼ਰੂਰ ਪਹੁੰਚਾਉਣ।■■

## ‘ਸੋ ਕਹੀਅਤ ਹੈ ਸੂਰਾ’ ਡਿਜ਼ੀਟਲ ਰੂਪ ’ਚ ਪ੍ਰਾਪਤ ਕਰੋ

‘ਸੋ ਕਹੀਅਤ ਹੈ ਸੂਰਾ’ ਗੁਰਮਤਿ ਮਾਸਿਕ ਪੱਤਰ ਹੁਣ ਡਿਜ਼ੀਟਲ ਰੂਪ ਵਿਚ ਆਪਣਾ ਵਿਸਥਾਰ ਕਰਨ ਜਾ ਰਿਹਾ ਹੈ। ਸੰਸਾਰ ਪੱਧਰ ’ਤੇ ਵਾਤਾਵਰਨ ਵਿਗਾੜ ਨੂੰ ਦੇਖਦਿਆਂ ਕਾਗਜ਼ ਦੀ ਬੱਚਤ ਕਰਨ ਹਿੱਤ, ਡਾਕਘਰਾਂ ਰਾਹੀਂ ‘ਸੋ ਕਹੀਅਤ ਹੈ ਸੂਰਾ’ ਦੇਰ ਨਾਲ ਪਾਠਕਾਂ ਨੂੰ ਮਿਲਣ ਅਤੇ ਗੁਰਬਾਣੀ ਦੀ ਬੇਅਦਬੀ ਦੇ ਖਦਸ਼ੇ ਆਦਿ ਪਹਿਲੂਆਂ ਦੇ ਮੱਦੇਨਜ਼ਰ ਅਸੀਂ ਹੁਣ ਇਸ ਮਾਸਿਕ ਪੱਤਰ ਦਾ ਡਿਜ਼ੀਟਲ ਰੂਪ ਵਿਚ ਵਿਸਥਾਰ ਕਰਨ ਦਾ ਫ਼ੈਸਲਾ ਕੀਤਾ ਹੈ। ਜਿਹੜੇ ਮੈਂਬਰ ‘ਸੋ ਕਹੀਅਤ ਹੈ ਸੂਰਾ’ ਡਾਕ ਰਾਹੀਂ ਹੀ ਲੈਣਾ ਚਾਹੁਣਗੇ, ਉਨ੍ਹਾਂ ਨੂੰ ਮਾਸਿਕ ਪੱਤਰ ਉਨ੍ਹਾਂ ਦੀ ਮਰਜ਼ੀ ਅਨੁਸਾਰ ਡਾਕ ਰਾਹੀਂ ਹੀ ਭੇਜਿਆ ਜਾਵੇਗਾ, ਪਰ ਜਿਹੜੇ ਮੈਂਬਰ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਹਰ ਮਹੀਨੇ ਸਮੇਂ ਸਿਰ ‘ਸੋ ਕਹੀਅਤ ਹੈ ਸੂਰਾ’ ਦਾ ਡਿਜ਼ੀਟਲ ਅੰਕ ਵਟਸਐਪ ਰਾਹੀਂ ਭੇਜਿਆ ਜਾਵੇ, ਉਹ ਕਿਰਪਾ ਕਰਕੇ ਆਪੋ ਆਪਣੇ ਵਟਸਐਪ ਨੰਬਰ ਸਾਡੇ ਵਟਸਐਪ ਨੰਬਰ: 93577-23874 ’ਤੇ ਭੇਜਣ ਦੀ ਕਿਰਪਾਲਤਾ ਕਰਨ ਜੀ।

SO KAHIYAT HAI SOORA is Online available at:
1.www.akj.org 2.www.akjmagazine.com
3.Face book 4.Whatsapp



Postal Registration No.CHD/0178/2015-2017



ਨਿੱਕੀਆਂ ਜਿੰਦਾਂ-ਵੱਡੇ ਸਾਕੇ ਦਾ ਮਹਾਨ ਇਤਿਹਾਸ ਆਪਣੀ ਬੁੱਕਲ
ਵਿਚ ਸਮਾਈ ਬੈਠਾ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ।